# ਅੰਮ੍ਰਿਤ ਕੀਰਤਨ

ਫਰਵਰੀ 2012



**BHAI KAHAN SINGH NABHA** Courtsey : www.searchsikhism.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਜਿਉਂ ਲੇਖਾ ਕਰੇ ਵਪਾਰੀ

ਜਿਵੇਂ ਸਮਝੋ ਤਿੰਵੇਂ ਆਖਾਂ
ਜ਼ਿੰਦਗੀ ਚੰਗੀ ਗੁਜ਼ਾਰੀ।

ਚੇਤਿਆ ਰੱਬ ਜਿਵੇਂ ਚਿਤਾਇਆ,
ਜਿਉਂ ਲੇਖਾ ਕਰੇ ਵਪਾਰੀ।

ਹੱਥ ਜੋੜ ਸਿਰ ਨੀਵਾਂ ਕਰਦਾ,
ਬਖਸ਼ੋ ਕਪਟ ਮੁਰਾਰੀ।

ਜਦ ਚਾਹੋ ਜਿੰਦ ਤਿਆਰ ਖੜੀ ਹੈ,
ਉਜ਼ਰ ਨ ਕਰੇ ਵਿਚਾਰੀ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥ 5

**ਮਹਾਨ ਕੋਸ਼ ਅਤੇ ਗੁਰਮਤਿ ਸੰਗੀਤ**
**ਡਾ. ਜਾਗੀਰ ਸਿੰਘ** 6

ਸੁਰਲਿਪੀ ਪੱਧਤੀ ਦਾ ਉਦਗਮ, ਵਿਕਾਸ, ਗੁਣ, ਔਗੁਣ ਅਤੇ ਸੰਗੀਤ ਸਿੱਖਿਆ ਵਿਚ ਇਸ ਦਾ ਮਹੱਤਵ
ਡਾ. ਦਰਸ਼ਨ ਸਿੰਘ ਨਰੂਲਾ 11

ਜੀਵਨ ਬਿਰਤਾਂਤ-ਬਾਬਾ ਸ਼ਾਮ ਸਿੰਘ ਜੀ 19

**BHAI KAHAN SINGH, NABHA**
**Major A.P. Singh 22**

ਸੁਰ ਲਿਪੀ - ਰਾਗ ਬਸੰਤ- ਝਪ ਤਾਲ 25
ਸੁਰਲਿਪੀਕਾਰ : ਹਰਿਭਜਨ ਸਿੰਘ

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

In the Dec. issue of Amrit Kirtan, in the Karo Baynantia section, you have asked your readers a very soul searching question. The issue you have raised, and presented it like a motion for debate, is that with regard to Guru Granth Sahib jee's bani, you say that it is more purposeful and meaningful to engage in doing sehaj patth oneself, than engaging the services of patthi jann to recite an akhand patth. The topic is not new, but thank you for refreshing us. Every gursikh should give the issue some thought and engage in the debate. I have, over the past many years, pondered over the significance and usefulness of akhand patth. The irony is that while I continue to reinforce my reservations against akhand patth, the practice is flourishing like never before. so, who is right and what is going on? Here is how I feel:

If I wish to love my Gurujee. If I want to get close to Gurujee. If I yearn for divine love, and would like to love Waheguru and His creation, humanity and the environment. If I desire Gurujee to be my friend and my guide to help me with my problems. If I care to understand the meaning of life, and prefer to stay on the right path, the God-oriented path of Gurmat. If, like a true gursikh, I would like to strive for all this, then the answer is clear. I have to go to my Gurujee, the " jot"of our 10 masters, the treasure trove of wisdom, and do sehaj patth myself. There really is no other option.

There was a time, many years ago, when the family organising the akhand patth got really involved in sewa. They took time off everything else and gave total dedication to the Guru, and the sangat. And they derived great psychological and spirital benefit from it all. Times have changed. Akhand patth has become a ritual that is somehow required to precede or accompany most ceremonial occasions, like marriage or new house inaugeration etc. Families no longer feel compelled to listen to the patth. On the day of the bhog, people saunter in, some long after the completion of the patth. And the false belief prevails that the akhand patth would somehow consecrate whatever the occasion is. One just has to listen to the ardas! A ritual has been performed, priests have been paid, now the "deity" will surely come through and shower Grace! What crazy egocentric thinking! Totally opposite of the Guru's teachings. And yet, these people tell me they have faith in Gurujee. And as to the other players in the equation, the patthis and the gurudwaras, with them it is all business. One hears some ludicrous stories. Even if partially true, one has to wonder as to what is going on. At the end of the day, what did we learn from the akhand patth of our Gurujee?

**Rajinder Singh Canada , E-mail : ekant@sympatico.caJavascript required**

Bhai sahib jee, I really like your Website and listen to the banis very often when I am not able to do paath myself. I have a question. Do you also record your own kirtan that you perform outside on sammelans or so.I would like to hear live kirtan sung by you.I wish to again congratulate you on your Website which is excellent.

Gurvinder Kaur, E-mail : ghar@hgintl.ca

SO KIYO VISERE JIN SABH KUCHH DIA, I have gone through this number of times & have become speeechless. Wishing your goodselves, family members & all others concerned : A Very Happy & Prosperous New Year, Warm regards,

Mrs. & K. S. Chugh, E-mail : chugh.ks101094@gmail.com

# ਕਰਉ ਬੇਨੰਤੀਆ

## ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥

ਮੇਰੇ ਇੱਕ ਰਿਸ਼ਤੇਦਾਰ ਦੀ ਲੜਕੀ ਦੀ ਸ਼ਾਦੀ ਸੀ।ਉਹਨਾਂ ਦੀ ਰਿਸਪੈਸਨ ਪਾਰਟੀ ਤੇ ਜਾਣ ਦਾ ਸਬੱਬ ਬਣ ਗਿਆ। ਸ਼ਹਿਰੋਂ ਬਾਹਰ ਇੱਕ ਬਹੁਤ ਵੱਡੇ ਰਿਜ਼ੋਰਟ ਵਿਚ ਪ੍ਰਬੰਧ ਸੀ।ਇਹ ਮੇਰੇ ਰਿਸ਼ਤੇਦਾਰ ਸ਼ਾਕਾਹਾਰੀ ਹਨ।ਇਹਨਾਂ ਦੀ ਲੜਕੀ ਦੀ ਸ਼ਾਦੀ ਵੀ ਸ਼ਾਕਾਹਾਰੀ ਖਾਨਦਾਨ ਵਿੱਚ ਹੋ ਰਹੀ ਹੈ।ਇਸ ਗੱਲ ਦੀ ਸ਼ਲਾਘਾ ਆਮ ਹੁੰਦੀ ਰਹੀ ਹੈ।ਪਰ ਜਦੋਂ ਰਿਜ਼ੋਰਟ ਵਿੱਚ ਜਾ ਕੇ ਖਾਣ ਪੀਣ ਦਾ ਪ੍ਰਬੰਧ ਵੇਖਿਆ ਤਾਂ ਮੈਂ ਦੰਗ ਰਹਿ ਗਿਆ। ਕੋਈ ਡੇਢ ਸੌ ਸ਼ਾਕਾਹਾਰੀ ਸਟਾਲ ਲੱਗੇ ਹੋਏ ਸਨ ਖਾਣ ਪੀਣ ਦੀਆਂ ਵਸਤਾਂ ਦੇ । ਗੱਲਾਂ ਗੱਲਾਂ ਵਿੱਚ ਪਤਾ ਲੱਗਾ ਕਿ ਇਹ ਇਕ ਵਿਸ਼ੇਸ਼ ਕੇਟਰਿੰਗ ਵਾਲੇ ਦਾ ਪ੍ਰਬੰਧ ਹੈ ਜਿਸਨੇ ਪੰਦਰਾਂ ਸੌ ਰੁਪਿਆ ਫੀ ਪਲੇਟ ਲਿਆ ਹੈ।ਮੇਰੀ ਸੋਚ ਪੁੱਠੇ ਪਾਸੇ ਚਲੀ ਗਈ।ਕੋਸ਼ਿਸ਼ ਕਰਦਾ ਹਾਂ ਕਿ ਨੈਗਟਿਵ ਨਾ ਸੋਚਿਆ ਕਰਾਂ ਪਰ-।

ਪਿੱਛੇ ਜਿਹੇ ਕਿਸੇ ਡਾਕਟਰ ਦੀ ਇੰਟਰਵਿਊ ਪੜ੍ਹੀ ਸੀ ਉਸ ਅਨੁਸਾਰ ਦਿਲ ਦੇ ਰੋਗ ਅਤੇ ਸ਼ੂਗਰ ਦੀ ਬੀਮਾਰੀ ਬਹੁਤੀ ਪੰਜਾਬੀਆਂ ਨੂੰ ਹੋ ਰਹੀ ਹੈ। ਕਿਉਂਕਿ ਇਹਨਾਂ ਨੇ ਆਪਣੇ ਜੀਵਨ ਢੰਗ ਦੇ ਬਦਲਣ ਨਾਲ ਖਾਣੇ ਦੀਆਂ ਆਦਤਾਂ ਨਹੀਂ ਬਦਲੀਆਂ। ਗੁਰੂ ਸਾਹਿਬ ਦੇ ਆਦੇਸ਼ਾਂ ਨੂੰ ਮੰਨਣ ਵਾਲੇ, ਰਹਿਤ ਮਰਯਾਦਾ ਦੀ ਚਰਚਾ ਕਰਨ ਵਾਲਿਆਂ ਦਾ ਇਸ ਪਾਸੇ ਧਿਆਨ ਕਿਉਂ ਨਹੀਂ ਜਾਂਦਾ ਕਿ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਵਿਅਕਤੀਗਤ ਰਹਿਣੀ ਬਹਿਣੀ ਲਈ ਵੀ ਆਦੇਸ਼ ਦਿੱਤੇ ਹਨ:

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥

ਗੁਰੂ ਗੋਬਿੰਦ ਸਿੰਘ ਜੀ ਅਲਪ ਆਹਾਰ ਦੀ ਗੱਲ ਕਰਦੇ ਹਨ:

ਅਲਪ ਆਹਾਰ ਸੁਲਪ ਸੀ ਨਿੰਦਰਾ ਦਯਾ ਛਿਮਾ ਤਨ ਪ੍ਰੀਤ।।

ਬਾਬਾ ਫਰੀਦ ਜੀ ਵੀ ਆਖਦੇ ਹਨ-

**ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥**

ਮਹਾਂਪੁਰਖਾਂ ਨੂੰ ਪਤਾ ਹੁੰਦਾ ਹੈ ਕਿ ਮਨੁੱਖ ਆਸਾਨੀ ਨਾਲ ਕੋਈ ਗੱਲ ਨਹੀਂ ਸਮਝਦਾ ਸਗੋਂ-

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥**

ਪਰ ਉਹ ਦੀਪ ਜਗਾਂਦੇ ਰਹਿੰਦੇ ਹਨ ਇਸੇ ਲਈ ਗੁਰੂ ਨਾਨਕ ਦੇਵ ਜੀ ਬੜੇ ਸਖਤ ਤਰੀਕੇ ਨਾਲ ਕਹਿੰਦੇ ਹਨ-

**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥**

ਹਾਂ ਇੱਕ ਗੱਲ ਜ਼ਰੂਰ ਵਿਚਾਰਨੀ ਚਾਹੀਦੀ ਹੈ ਕਿ ਵਿਆਹ ਸ਼ਾਦੀਆਂ ਤੇ ਇਹ ਕੇਟਰਿੰਗ ਵਾਲਾ ਧੰਦਾ ਤਾਂ ਇੱਕ ਸਮਾਜਿਕ ਬੁਰਾਈ ਹੈ। ਇਸ ਵੱਲ ਸਾਡਾ ਧਿਆਨ ਕਦੋਂ ਜਾਵੇਗਾ। ਖੈਰ ਜੇ ਬਹੁਤਾ ਨਹੀਂ ਤਾਂ ਗੁਰੂ ਸਾਹਿਬ ਦੀ ਇਸ ਇੱਕ ਤੁੱਕ ਦਾ ਪ੍ਰਚਾਰ ਬਹੁਤਾ ਕਰੀਏ ਸ਼ਾਇਦ ਕੁਝ ਠੱਲ ਪੈ ਜਾਵੇ।ਹਾਂ ਇਹ ਤੁੱਕ ਕੇਵਲ ਵਿਆਹ ਸ਼ਾਦੀਆਂ ਦੀਆਂ ਪਾਰਟੀਆਂ ਤੇ ਹੀ ਨਾਂ ਪਰਚਾਰੀ ਜਾਵੇ ਸਗੋਂ ਇਹ ਭਾਂਤ ਭਾਂਤ ਦੇ ਲੰਗਰਾਂ ਵਿੱਚ ਵੀ ਪਰਚਾਰੀ ਜਾਣੀ ਚਾਹੀਦੀ ਹੈ-

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ

# ਮਹਾਨ ਕੋਸ਼ ਅਤੇ ਗੁਰਮਤਿ ਸੰਗੀਤ

## ਡਾ. ਜਾਗੀਰ ਸਿੰਘ

ਭਾਈ ਕਾਹਨ ਸਿੰਘ ਨਾਭਾ ਇੱਕ ਬਹੁ ਪੱਖੀ ਵਿਦਵਾਨ ਸਨ। ਆਪ ਦੀਆਂ ਰਚੀਆਂ ਪੁਸਤਕਾਂ ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ, ਗੁਰਮਤਿ ਮਾਰਤੰਡ ਅਤੇ ਗੁਰਸ਼ਬਦ ਰਤਨਾਕਰ (ਮਹਾਨ ਕੋਸ਼) ਅੱਜ ਵੀ ਪੰਜਾਬੀ ਅਤੇ ਖਾਸ ਕਰਕੇ ਗੁਰਮਤਿ ਦੇ ਵਿਦਿਆਰਥੀਆਂ, ਖੋਜਾਰਥੀਆਂ ਅਤੇ ਅਧਿਆਪਕਾਂ ਲਈ ਚਾਨਣ ਮੁਨਾਰੇ ਦਾ ਕੰਮ ਦਿੰਦੀਆਂ ਹਨ। ਜਿਥੋਂ ਤਕ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਸਬੰਧ ਹੈ। ਇਹਨਾਂ ਪੁਸਤਕਾਂ ਵਿੱਚੋਂ ਸੰਗੀਤ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਭਾਈ ਸਾਹਿਬ ਆਪ ਚੰਗੇ ਸੰਗੀਤ ਗਿਆਤਾ ਸਨ ਆਪਨੇ ਸੰਗੀਤ ਸਿੱਖਿਆ ਉਸ ਸਮੇਂ ਦੇ ਵਿਦਵਾਨ ਸੰਗੀਤਕਾਰ ਮਹੰਤ ਗੱਜਾ ਸਿੰਘ ਪਾਸੋਂ ਪ੍ਰਾਪਤ ਕੀਤੀ।

ਅੱਜ ਗੁਰਮਤਿ ਸੰਗੀਤ ਦੀ ਅਕਾਦਮਿਕ ਖੇਤਰ ਵਿੱਚ ਪੱਕੀ ਸਥਾਪਨਾ ਹੋ ਚੁਕੀ ਹੈ। ਇਸ ਦਾ ਅਧਿਐਨ ਕਰਨ ਲਈ ਕਾਫੀ ਜਤਨ ਕੀਤੇ ਜਾ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਇਸ ਦੇ ਅਧਿਐਨ ਵਿੱਚ ਸਹਾਇਕ ਹੋਣ ਵਾਲੇ ਗ੍ਰੰਥਾਂ ਦੀ ਪਛਾਣ ਕੀਤੀ ਜਾਵੇ। ਹੋਰ ਗ੍ਰੰਥਾਂ ਦੇ ਨਾਲ ਨਾਲ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵੀ ਇੱਕ ਅਜਿਹਾ ਗ੍ਰੰਥ ਹੈ ਜਿਹੜਾ ਗੁਰਮਤਿ ਸੰਗੀਤ ਦੀ ਖੋਜ ਲਈ ਕਾਫੀ ਸਹਾਇਕ ਸਿੱਧ ਹੋ ਸਕਦਾ ਹੈ।

ਮਹਾਨ ਕੋਸ਼ ਦੀ ਰਚਨਾ ਭਾਈ ਕਾਹਨ ਸਿੰਘ ਨਾਭਾ ਨੇ 1912 ਵਿੱਚ ਅਰੰਭ ਕੀਤੀ ਸੀ ਅਤੇ 193● ਵਿੱਚ ਇਹ ਮਹਾਨ ਗ੍ਰੰਥ ਛਪ ਕੇ ਤਿਆਰ ਹੋਇਆ। ਇਸ ਵਿੱਚ ਗੁਰੂਗ੍ਰੰਥ ਸਾਹਿਬ ਅਤੇ ਗੁਰਮਤਿ ਦੀਆਂ ਹੋਰ ਪ੍ਰਤੀਨਿਧ ਰਚਨਾਵਾਂ ਦੀ ਸ਼ਬਦਾਵਲੀ ਦੇ ਅਰਥ-ਭੇਦ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਇਹ ਇਤਿਹਾਸ, ਮਿਥਿਹਾਸ,ਵਨਸਪਤੀ, ਸੰਗੀਤ ਵਿਦਿਆ, ਹਿਕਮਤ ਆਦਿ ਵਿਸ਼ਿਆਂ ਦੀ ਜਾਣਕਾਰੀ ਨਾਲ ਭਰਪੂਰ ਹੈ।

ਗੁਰਮਤਿ ਸੰਗੀਤ ਦੇ ਸਿਧਾਂਤਕ, ਕਿਰਿਆਤਮਕ ਅਤੇ ਇਤਿਹਾਸਕ ਪੱਖ ਤੋਂ ਮਹੱਤਵਪੂਰਨ ਹਵਾਲੇ ਮਹਾਨ ਕੋਸ਼ ਵਿੱਚੋਂ ਮਿਲ ਜਾਂਦੇ ਹਨ। ਇਹ ਹਵਾਲੇ ਗੁਰਮਤਿ ਸੰਗੀਤ ਨਾਲ ਸੰਬੰਧਤ ਸ਼ਬਦਾਵਲੀ ਦੇ ਅਰਥਾਂ ਦੇ ਰੂਪ ਵਿੱਚ ਦਿੱਤੇ ਗਏ ਹਨ। ਗੁਰਮਤਿ ਸੰਗੀਤ ਨਾਲ ਸੰਬੰਧਤ ਸ਼ਬਦਾਵਲੀ ਕੇਵਲ ਅਰਥ ਹੀ ਨਹੀਂ ਦਿੱਤੇ ਗਏ ਸਗੋਂ ਨਾਲ ਨਾਲ ਭਾਵਪੂਰਤ ਟਿੱਪਣੀਆਂ ਵੀ ਦਿੱਤੀਆਂ ਗਈਆਂ ਹਨ ਜਿਹੜੀਆਂ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਅਗਵਾਈ ਦਾ ਕੰਮ ਕਰਦੀਆਂ ਹਨ। ਲੱਗਭਗ ਹਰ ਸ਼ਬਦ ਦੇ ਅਰਥ ਦਿੰਦਿਆਂ ਗੁਰੂਗ੍ਰੰਥ ਸਾਹਿਬ ਵਿੱਚੋਂ ਜਾਂ ਗੁਰਮਤਿ ਸਾਹਿਤ ਵਿੱਚੋਂ ਹਵਾਲੇ ਦਿੱਤੇ ਗਏ ਹਨ। ਸੰਗੀਤ ਸਬੰਧੀ ਐਂਟਰੀਆਂ ਵਿੱਚ ਪ੍ਰਾਚੀਨ ਅਤੇ ਸਮਕਾਲੀਨ ਗ੍ਰੰਥਾਂ ਦੀ ਸਹਾਇਤਾ ਲਈ ਗਈ ਹੈ। ਇਹਨਾਂ ਗ੍ਰੰਥਾਂ ਦੇ ਹਵਾਲੇ ਵੀ ਦਿੱਤੇ ਗਏ ਹਨ। ਸੰਗੀਤ ਦਰਪਣ, ਸੰਗੀਤ ਸਾਰ, ਸੰਗੀਤ ਪਾਰਿਜਾਤ ਬਾਣੀ ਬਿਓਰਾ ਆਦਿ ਗ੍ਰੰਥਾਂ ਦੇ ਹਵਾਲੇ ਹਵਾਲੇ ਆਮ ਮਿਲਦੇ ਹਨ। ਇਹ ਹਵਾਲੇ ਗੁਰਮਤਿ ਸੰਗੀਤ ਦੇ ਖੋਜਕਾਰ ਲਈ ਬੜੇ ਸਹਾਇਕ ਸਿੱਧ ਹੁੰਦੇ ਹਨ।

ਮਹਾਨ ਕੋਸ਼ ਵਿਚੋਂ ਇੱਕ ਐਂਟਰੀ ਦਾ ਅਧਿਐਨ ਕਰਦਿਆਂ ਹੀ ਗੁਰਮਤ ਸੰਗੀਤ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਆਪ ਨੇ ਸੰਗੀਤ ਅਤੇ ਗੁਰਮਤ ਸੰਗੀਤ ਦਾ ਜਿਕਰ ਕਰਦਿਆਂ ਕੇਵਲ ਉਸ ਦੀ ਜਾਣਕਾਰੀ ਹੀ ਨਹੀਂ ਦਿੱਤੀ ਸਗੋਂ ਗੁਰਮਤ ਸੰਗੀਤ ਕਾਰਾਂ ਨੂੰ ਕਈ ਵਡਮੁੱਲੇ ਸੁਝਾਅ ਵੀ ਦਿੱਤੇ ਹਨ। ਇਹਨਾਂ ਸੁਝਵਾਂ ਉੱਤੇ ਅਮਲ ਕਰਨ ਨਾਲ ਗੁਰਮਤ ਸੰਗੀਤ ਹੋਰ ਸਪਸਟ ਅਤੇ ਨਿਵੇਕਲੇ ਰੂਪ ਵਿੱਚ ਪ੍ਰਗਟ ਹੋ ਸਕਦਾ ਹੈ।

ਰਾਗ ਦੇ ਸੰਗੀਤ ਨਾਲ ਸਬੰਧਤ ਅਰਥ ਦਿੰਦਿਆਂ ਲਿਖਦੇ ਹਨ-ਸੰਗੀਤ ਵਿਦਿਆ ਅਨੁਸਾਰ ਸੁਰ ਪ੍ਰਬੰਧ ਜਿਸ ਦੇ ਸੁਣਨ ਤੋਂ ਮਨ ਵਿੱਚ ਪ੍ਰੇਮ ਉਪਜੇ। ਇਸ ਕਥਨ ਦੀ ਪੁਸਟੀ ਲਈ ਆਪ ਸੰਗੀਤ ਸਾਰ ਨਾਮਕ ਗ੍ਰੰਥ ਦਾ ਹਵਾਲਾ ਦਿੰਦੇ ਹਨ। ---ਮਤ ਭੇਦ ਅਤੇ ਦੇਸ ਭੇਦ ਕਰਕੇ ਰਾਗਾਂ ਦੇ ਅਨੰਤ ਭੇਦ ਅਤੇ ਰੂਪ ਹਨ। ਇਸ ਵਿਚਾਰ ਤੇ ਟਿੱਪਣੀ ਦਿੰਦਿਆਂ ਲਿਖਦੇ ਹਨ-ਇੱਕ ਮਤ ਵਿੱਚ ਜੋ

ਰਾਗ ਹੈ ਉਹ ਦੂਜੇ ਦੇ ਮਤ ਵਿੱਚ ਉਹ ਰਾਗਣੀ ਹੈ, ਇਸੇ ਰਾਗਿਣੀ ਨੂੰ ਰਾਗ ਮੰਨਿਆਂ ਹੈ। ਅਰ ਨਾਵਾਂ ਦਾ ਭੀ ਬਹੁਤ ਭੇਦ ਹੈ, ਸਰਗਮਾਂ ਦਾ ਦਿਨ ਰਾਤ ਦਾ ਫਰਕ ਹੈ, ਇਹ ਗੜਬੜ ਵੇਖਕੇ ਸਾਨੂੰ ਰਾਗ ਤੋਂ ਉਦਾਸੀਨ ਨਹੀਂ ਹੋਣਾ ਚਾਹੀਏ, ਸਤਿਗੁਰਾਂ ਨੇ ਜੋ ਰਾਗ ਦੇ ਉੱਤਮ ਨਿਯਮ ਥਾਪ ਦਿੱਤੇ ਹਨ, ਸਾਨੂੰ ਉਹਨਾਂ ਅਨੁਸਾਰ ਰਾਗ ਵਿਦਿਆ ਦਾ ਅਭਿਆਸ ਅਤੇ ਪ੍ਰਚਾਰ ਕਰਨਾ ਚਾਹੀਏ। ਕੀਰਤਨ ਬਾਰੇ ਲਿਖਿਆ ਹੈ–

ਕੀਰਤਨ–

ਗੁਰਮਤ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ ਕੀਰਤਨ ਹੈ– ਕੀਰਤਨ ਨਾਮੁ ਸਿਮਰਤ ਰਹਉ (ਬਿਲਾਵਲ ਮ: 5)

ਕੀਰਤਨਿ– ਕੀਰਤਨ ਵਿੱਚ– ਹਰਿ ਹਰਿ ਕੀਰਤਨਿ ਇਹ ਮਨੁ ਰਾਤਾ ( ਸੋਰਠ ਮ: 5)

ਕੀਰਤਨੀਆ– ਕੀਰਤਨ ਕਰਨ ਵਾਲਾ। ਕਰਤਾਰ ਦੇ ਗੁਣ ਗਾਉਣ ਵਾਲਾ– ਭਲੋ ਭਲੋ ਰੇ ਕੀਰਤਨੀਆ (ਰਾਮਕਲੀ ਮ: 5)

ਹੁਣ ਸਿਆਣਾ ਖੋਜਕਾਰ ਉਪਰੋਕਤ ਵੇਰਵਿਆਂ ਵਿੱਚੋਂ ਕੁਝ ਹੋਰ ਸ਼ਬਦਾਵਲੀ ਜਿਵੇਂ ਰਾਗ, ਗਾਉਣ, ਬਿਲਾਵਲ, ਸੋਰਠ, ਰਾਮਕਲੀ ਦੇ ਅਰਥ ਜਾਨਣ ਦੀ ਕੋਸ਼ਿਸ਼ ਕਰਕੇ ਗੁਰਮਿਤ ਸੰਗੀਤ ਨਾਲ ਸੰਬੰਧਤ ਵੇਰਵੇ ਪ੍ਰਾਪਤ ਕਰ ਸਕਦਾ ਹੈ।

ਰਾਗ:: ਇਸ ਐਂਟਰੀ ਵਿੱਚ ਰਾਗ ਬਾਰੇ ਵਿਸਥਾਰ ਸਹਿਤ ਜਾਨਕਾਰੀ ਦਿੱਤੀ ਗਈ ਹੈ। ਜਿਥੇ ਗੁਰੂਗ੍ਰੰਥ ਸਾਹਿਬ ਦੇ ਇੱਕਤੀ ਰਾਗਾਂ ਦੇ ਨਾਮ ਲਿਖੇ ਹਨ ਨਾਲ ਹੀ ਇਹ ਦੱਸਿਆ ਹੈ ਕਿ ਅੱਖਰ ਕ੍ਰਮ ਅਨੁਸਾਰ ਹਰ ਰਾਗ ਦਾ ਵੇਰਵਾ ਦਿੱਤਾ ਗਿਆ ਹੈ। ਗੁਰਮਤਿ ਸੰਗੀਤ ਨਾਲ ਸਬੰਧਤ ਮਹੱਤਵਪੂਰਨ ਟਿਪਣੀ ਦਿੰਦਿਆਂ ਲਿਖਿਆ ਹੈ:

ਗੁਰਮਤ ਵਿੱਚ ਰਾਗ ਨਾਲ ਮਿਲਿਆ ਕਰਤਾਰ ਦਾ ਕੀਰਤਨ ਧਰਮ ਦਾ ਅੰਗ ਹੈ।– ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ। ਦੇਖੋ ਚਾਰ ਚੌਕੀਆਂ। ਇਸ ਐਂਟਰੀ ਦੇ ਫੁਟ ਨੋਟ ਵਿੱਚ ਦੱਸਿਆ ਹੈ:

ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਰਾਗਾਂ ਦੇ ਸਰੂਪ ਕਈ ਭਿੰਨ ਪ੍ਰਕਾਰ ਦੇ ਡਾਕਟਰ ਚਰਨ ਸਿੰਘ ਜੀ ਨੇ ਬਾਣੀ ਬਿਉਰੇ ਵਿੱਚ ਲਿਖੇ ਹਨ। ਜਿਸ ਪ੍ਰੇਮੀ ਨੂੰ ਉਨ੍ਹਾਂ ਦੇ ਜਾਣਨ .ਦੀ ਇੱਛਾ ਹੋਵੇ ਉਹ ਉਹ ਉਸ ਗ੍ਰੰਥ ਵਿੱਚ ਵੇਖ ਸਕਦਾ ਹੈ।

ਮਕਾਲਿਫ ਸਾਹਿਬ ਨੇ ਸਿੱਖ ਰਿਲੀਜਨ ਦੀ ਪੰਜਵੀਂ ਜਿਲਦ ਵਿੱਚ ਗੁਰਬਾਣੀ ਦੇ ਰਾਗਾਂ ਦੇ ਸਰੂਪ ਬੜੀ ਮਿਹਨਤ ਨਾਲ ਦਰਬਾਰ ਨਾਭਾ ਦੇ ਖਰਚ ਪੁਰ ਮਹੰਤ ਗੱਜਾ ਸਿੰਘ ਜੀ ਅਤੇ ਇੱਕ ਯੋਗ ਬੈਂਡ ਮਾਸਟਰ ਦੀ ਸਹਾਇਤਾ ਨਾਲ ਪੱਛਮੀ ਢੰਗ ਤੇ ਲਿਖੇ ਹਨ। ਜਿਸ ਤੋਂ ਸੁਰਾਂ ਦੇ ਚਿੰਨ੍ਹ ਜਾਣਨ ਵਾਲਾ ਆਸਾਨੀ ਨਾਲ ਗਾ ਵਜਾ ਸਕਦਾ ਹੈ। ਦੇਖੋ ਪੰਨਾਂ 333– 351..

ਰਾਗਾਂ ਬਾਰੇ ਐਂਟਰੀਆਂ ਵਿੱਚੋਂ ਸਿਰੀ ਰਾਗ ਦੀ ਐਂਟਰੀ ਦਾ ਅਧਿਐਨ ਕਰਦੇ ਹਾਂ।

..ਸਿਰੀ ਰਾਗ:

ਇਸ ਰਾਗ ਦਾ ਨਾਉਂ ਤਾਂ ਕੇਵਲ ਸ਼੍ਰੀ ਹੈ ਪਰ ਰਾਗ ਸ਼ਬਦ ਵਾਧੂ ਸਾਥ ਜੋੜਿਆ ਗਿਆ ਹੈ। ਇਹ ਪੂਰਬੀ ਥਾਟ ਦਾ ਔੜਵ ਸੰਪੂਰਨ ਰਾਗ ਹੈ ਅਰਥਾਤ ਆਰੋਹੀ ਵਿੰਚ ਗਾਂਧਾਂਰ ਅਤੇ ਧੈਵਤ ਵਰਜਿਤ ਹਨ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਸੁਰ ਹੈ। ਰਿਸ਼ਭ ਧੈਵਤ ਕੋਮਲ ,ਮੱਧਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਹਨ।

ਆਰੋਹੀ– ਸ ਰਾ ਮੀ ਪ ਨ ਸ

ਅਵਰੋਹੀ– ਸ ਨ ਧਾ ਪ ਮੀ ਗ ਰਾ ਸ

ਇਸ ਦੇ ਗਾਉਣ ਦਾ ਸਮਾਂ ਲੌਢਾ ਵੇਲਾ ਹੈ।

ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਸ੍ਰੀ ਪਹਿਲਾ ਰਾਗ ਹੈ। ਰਾਗਾਂ ਦੀ ਬਾਣੀ ਇਸੇ ਤੋਂ ਅਰੰਭ ਹੁੰਦੀ ਹੈ।

ਰਾਗਾਂ ਵਿੱਚ ਸਿਰੀ ਰਾਗ ਹੈ ( ਵਾਰ ਸ੍ਰੀ ਮ: 3)

ਰਾਗਨ ਮੇ ਸਿਰੀ ਰਾਗ ਪਾਰਸ ਪਖਾਨ ਹੈ।( ਭਾ ਗੁ)

ਇਸ ਤਰ੍ਹਾਂ ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਵਿੱਚ ਰਾਗ ਦਾ ਸਿਧਾਂਤਕ ਅਤੇ ਕਿਰਿਆਤਮਕ ਵੇਰਵਾ ਦੇਣ ਦੇ ਨਾਲ ਗੁਰਮਤ ਸੰਗੀਤ ਵਿੰਚ ਇਸ ਦੇ ਸਥਾਨ ਅਤੇ ਮਹੱਤਤਾ ਦਾ ਵੇਰਵਾ ਵੀ ਦੇ ਦਿੰਦੇ ਹਨ।

ਗੁਰੂਗ੍ਰੰਥ ਸਾਹਿਬ ਦੇ ਸ਼ਬਦਾਂ ਉਪਰ ਰਾਗ ਦੇ ਨਾਲ ਘਰ ਦਾ ਸੰਕੇਤ ਵੀ ਦਿੱਤਾ ਹੋਇਆ ਹੈ। ਘਰ ਦੇ ਅਰਥਾਂ ਬਾਰੇ ਅਜੇ

ਤੱਥ ਸਪਸ਼ਟਤਾ ਨਹੀਂ ਹੋਈ। ਮਹਾਨ ਕੋਸ਼ ਇਸ ਬਾਰੇ ਵੇਰਵਾ ਦਿੱਤਾ ਹੈ:

ਗੁਰਮਤਿ ਸੰਗੀਤ ਅਨੁਸਾਰ ਘਰ ਦੇ ਦੋ ਅਰਥ ਹਨ ਇੱਕ ਤਾਲ, ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇੱਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 1 ਤੋਂ 17 ਤੀਕ ਘਰ ਲਿਖੇ ਹਨ, ਇਸ ਤੋਂ ਗਵੈਯੇ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ ਸਵਰ ਪ੍ਰਸਤਾਰ ਅਨੁਸਾਰ ਗਾਓ। ਇਸ ਐਂਟਰੀ ਦੇ ਫੁਟਨੋਟ ਵਿੱਚ ਲਿਖਿਆ ਹੈ- ਸ਼ੋਕ ਹੈ ਕਿ ਸ੍ਰੀ ਗੁਰੂਅਰਜਨ ਦੇਵ ਜੀ ਦੇ ਦੱਸੇ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਰਾਗਾਂ ਦੇ ਘਰ (ਸਵਰ ਪ੍ਰਸਤਾਰ) ਹੁਣ ਰਾਗੀ ਭੁਲਾ ਬੈਠੇ ਹਨ।

ਤਾਲ:

ਸੰਗੀਤ ਅਨੁਸਾਰ ਸਮੇ੍ਹ ਅਤੇ ਲੈ ਦੀ ਵੰਡ ਕਰਨ ਲਈ ਤਾਲੀ ਦੀ ਧੁਨਿ।

ਰੋਟੀਆ ਕਾਰਣਿ ਪੂਰਹਿ ਤਾਲ ( ਵਾਰ ਆਸਾ)

ਸੰਗੀਤ ਸ਼ਾਸਤ੍ਰ ਵਿੱਚ ਲਿਖਿਆ ਹੈ ਕਿ ਸ਼ਿਵ ਦੀ ਤਾਂਡਵ ਨ੍ਰਿਤਯ ਤੋਂ ਤਾ ਅਤੇ ਪਾਰਵਤੀ ਦੀ ਲਾਸਯ ਨ੍ਰਿਤਯ ਤੋਂ ਲ ਲੈ ਕੇ ਤਾਲ ਸ਼ਬਦ ਬਣਿਆ ਹੈ।

ਗੁਰਮਤਿ ਸੰਗੀਤ ਦੇ ਵਿਵਹਰਕ ਪੱਖ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਮਹਾਨ ਕੋਸ਼ ਭਰਪੂਰ ਸਹਾਇਤਾ ਕਰਦਾ ਹੈ।

ਰਹਾਉ ਸ਼ਬਦ ਦਾ ਅਰਥ ਕਰਦਿਆਂ ਮਹਾਨ ਕੋਸ਼ ਵਿੱਚ ਲਿਖਿਆ ਹੈ:

ਟੇਕ, ਸਥਾਈ, ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿੱਛੋਂ ਵਰਤਿਆ ਜਾਵੇ। ਸ੍ਰੀ ਗੁਰੂਗ੍ਰੰਥ ਸਾਹਿਬ ਦੇ ਸ਼ਬਦਾਂ ਵਿੱਚ ਜੋ ਰਹਾਉ ਸ਼ਬਦ ਆਉਂਦਾ ਹੈ ਉਸ ਦਾ ਇਹੀ ਭਾਵ ਹੈ। (ਸੰਪ੍ਰਦਾਈ ਗਿਆਨੀ ਆਖਦੇ ਹਨ ਕਿ ਸਾਰੇ ਸ਼ਬਦ ਦਾ ਸਿਧਾਂਤ ਅਤੇ ਕੇਂਦਰੀ ਖਿਆਲ ਰਹਾਉ ਦੀ ਤੁਕ ਵਿੱਚ ਹੋਂਦਾ ਹੈ।) ਦੇਖੋ ਰਾਮਕਲੀ ਦੀ ਪਹਿਲੀ ਵਾਰ ਦੀ ਪਹਿਲੀ ਪੌੜੀ ਦੇ ਅੰਤ ਰਹਾਉ ਸ਼ਬਦ। ਇਸ ਦਾ ਭਾਵ ਹੈ ਕਿ ਹਰੇਕ ਪੌੜੀ ਦੇ ਅੰਤ ਪਿਛਲੀ ਤੁਕ ਜੋੜਕੇ ਪਾਠ ਕਰੋ।।

ਰਹਾਉ ਦੂਜਾ: ਇੱਕ ਸ਼ਬਦ ਵਿੱਚ ਜਿਥੇ ਸਥਾਈ ਲਈ ਦੋ ਤੁਕਾਂ ਰਚੀਆਂ ਹਨ, ਉੱਥੇ ਇਹ ਪਦ ਵਰਤਿਆ ਹੈ, ਅਰ ਦੋਹਾਂ ਵਿੱਚੋ. ਗਾਉਣ ਵਾਲੇ ਦੀ ਮਰਜੀ ਹੈ, ਜਿਸ ਟੇਕ ਨੂੰ ਚਾਹੇ ਵਰਤੇ। ਜੈਸੇ- ਸੋਰਠ ਮ: 5 ਦੀ ਅਸਟਪਦੀ - ਪਾਠ ਪੜਿਓ ਅਰੁ ਬੇਦੁ ਬੀਚਾਰਿਓ- ਵਿੰਚ ਦੋ ਰਹਾਉ ਹਨ- ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ, ਅਤੇ - ਤੇਰੋ ਸੇਵਕ ਇਹ ਰੰਗਿ ਮਾਤਾ।

ਸਥਾਈ ਜਾਂ ਰਹਾਉ ਬਾਰੇ ਹੀ ਇਤਨਾ ਸਪੱਸ਼ਟ ਬਿਆਨ ਨਹੀਂ ਕੀਤਾ ਗਿਆ ਸਗੋਂ ਗੁਰਮਤਿ ਸੰਗੀਤ ਨਾਲ ਸੰਬੰਧਤ ਅੰਤਰੇ ਬਾਰੇ ਵੀ ਆਪ ਲਿਖਦੇ ਹਨ: -ਟੇਕ (ਸਥਾਈ- ਰਹਾਉ) ਦੀਆਂ ਤੁਕਾਂ ਤੋਂ ਭਿੰਨ, ਸ਼ਬਦ ਦੀਆਂ ਬਾਕੀ ਤੁਕਾਂ। ਉਹ ਪਦ ਅਤੇ ਵਾਕ, ਜੋ ਰਹਾਉ ਦੀ ਤੁਕ ਦੇ ਅੰਦਰ ਗਾਏ ਜਾਣ।

ਮਹਾਨ ਕੋਸ਼ ਵਿੱਚ ਗੁਰਮਤਿ ਸੰਗੀਤ ਗਾਇਨ ਪਧਤੀ ਦੇ ਕੁਝ ਗੁਝੇ ਰਹੱਸਾਂ ਨੂੰ ਸੁਲਝਾਉਣ ਦਾ ਜਤਨ ਕੀਤਾ ਗਿਆ ਹੈ।

ਗੁਰੂਗ੍ਰੰਥ ਸਾਹਿਬ ਅੰਦਰ ਦਰਜ ਵੱਖ ਵੱਖ ਗੁਰੂਸਾਹਿਬਾਨ ਦੀਆਂ ਵਾਰਾਂ ਉਪਰ ਉਹਨਾਂ ਨੂੰ ਗਾਉਣ ਲਈ ਕੁਝ ਧੁਨੀਆਂ ਦਾ ਹਵਾਲਾ ਦਿੱਤਾ ਗਿਆ ਹੈ ਭਾਈ ਕਾਹਨ ਸਿੰਘ ਨਾਭਾ ਧੁਨੀ ਸ਼ਬਦ ਦੀ ਵਿਆਖਿਆ ਕਰਨ ਦੇ ਨਾਲ ਵਖ ਧੁਨੀਆਂ ਦੀਆਂ ਵਾਰਾ ਬਾਰੇ ਜਾਣਕਾਰੀ ਦਿੰਦੇ ਹਨ:

ਧੁਨੀ-

ਗਾਉਣ ਦੀ ਧਾਰਨਾ। ਗਾਉਣ ਦਾ ਢੰਗ। ਸ੍ਰੀ ਗੁਰੂਅਰਜਨ ਸਾਹਿਬ ਨੇ ਨੌ ਵਾਰਾਂ ਅਜੇਹੀਆਂ ਚੁਣੀਆਂ ਚੁਣੀਆਂ , ਜਿਨ੍ਹਾਂ ਦੇ ਗਾਉਣ ਦੀ ਧਾਰਨਾ ਪੁਰਾਣੇ ਯੋਧਿਆਂ ਦੀਆਂ ਵਾਰਾਂ ਅਨੁਸਾਰ ਰਬਾਬੀਆਂ ਨੂੰ ਦੱਸੀ, ਅਰ ਪੁਰਾਣੀਆਂ ਵਾਰਾਂ ਦੇ ਪਤੇ ਵਾਰਾਂ ਦੇ ਮੁੱਢ ਲਿਖੇ,

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਢਾਡੀਆਂ ਤੋਂ ਇਹ ਨੌ ਧੁਨੀਆਂ ਵੀਰ ਰਸ ਦੀ ਵ੍ਰਿੱਧੀ ਲਈ ਗਵਾਈਆਂ, ਜੋ ਹੁਣ ਤੀਕ ਟਕਸਾਲੀ ਰਾਗੀ ਰਬਾਬੀ ਗਾਉਂਦੇ ਹਨ। ਬਹੁਤ ਲੇਖਕਾਂ ਨੇ ਲਿਖਿਆ ਹੈ ਕਿ ਧੁਨੀਆਂ ਛੀਵੇਂ ਸਤਿਗੁਰੂ ਨੇ ਚੜ੍ਹਾਈਆਂ ਹਨ ਪਰ ਇਹ ਅਸਤਯ ਹੈ।

ਇਸ ਐਂਟਰੀ ਦੇ ਫੁਟਨੋਟ ਵਿੱਚ ਹੋਰ ਸਪੱਸ਼ਟ ਕਰਦੇ ਹਨ:

ਜਿਨ੍ਹਾਂ ਵਾਰਾਂ ਦੀਆਂ ਧੁਨੀਆਂ ਗਾਉਣ ਲਈ ਪਸੰਦ ਕੀਤੀਆਂ ਗਈਆਂ, ਉਹ ਗੁਰਮਤ ਅਨੁਕੂਲ ਹਨ ਜਾਂ ਨਹੀਂ , ਇਸ ਦਾ ਇੱਥੇ ਸਵਾਲ ਨਹੀਂ, ਕੇਵਲ ਗਾਉਣ ਦੀ ਤਰਜ਼ ਲਈ ਗਈ ਹੈ, ਜਿਵੇਂ ਲੱਛੀ ਦੇ ਗੀਤ ਦੀ ਧਾਰਣਾ ਅਨੁਸਾਰ ਕਈ ਸਿੱਖ ਸ਼ਬਦ ਗਾਉਂਦੇ ਹਨ, ਲੱਛੀ ਧਰਮਾਤਮਾ ਸੀ ਜਾਂ ਨਹੀਂ ਇੱਥੈ -ਇਥੇ ਇਹ ਸਵਾਲ ਕਰਨਾ ਅਗਯਾਨ ਹੈ।

ਇਸ ਦੇ ਨਾਲ ਨਾਲ ਧੁਨੀਆਂ ਵਾਲੀਆਂ ਪੁਰਾਤਨ ਵਾਰਾਂ ਦੀ ਕਹਾਣੀ ਅਤੇ ਇੱਕ ਪਉੜੀ ਗੁਰੂਗ੍ਰੰਥ ਸਾਹਿਬ ਵਿੱਚ ਦਰਜ ਵਾਰਾਂ ਨਾਲ ਤੁਲਨਾ ਕਰਨ ਲਈ ਦਿੱਤੇ ਗਏ ਹਨ।ਮਾਝ ਦੀ ਵਾਰ ਬਾਰੇ ਲਿਖਿਆ ਹੈ:

ਮਾਝ ਕੀ ਵਾਰ, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਮਲਿਕ ਜਾਤੀ ਦਾ ਮੁਰੀਦ ਖਾਨ ਅਤੇ ਸੋਹੀ ਜਾਤਿ ਦਾ ਚੰਦ੍ਰਹੜਾ ਦੋਵੇਂ ਅਕਬਰ ਦੇ ਫੌਜੀ ਸਰਦਾਰ ਆਪੋ ਵਿੱਚੀ ਵਿਰੋਧ ਰਖਦੇ ਸਨ। ਇੱਕ ਵਾਰ ਬਾਦਸ਼ਾਹ ਨੇ ਸਰਹੱਦੀ ਮੁਹਿੰਮ ਤੇ ਮਲਿਕ ਨੂੰ ਤੋਰ ਦਿੱਤਾ ।ਮਲਿਕ ਨੇ ਵੈਰੀ ਨੂੰ ਜਿੱਤ ਕੇ ਮੁਲਕ ਪੁਰ ਕਬਜਾ ਕੀਤਾ ਅਤੇ ਅਮਨ ਕਾਇਮ ਕਰਨ ਲਈ ਕੁਝ ਸਮਾਂ ਉੱਥੇ ਠਹਿਰਿਆ। ਪਰਚੰਦ੍ਹੜਾ ਨੇ ਚਾਲਾਕੀ ਨਾਲ ਬਾਦਸ਼ਾਹ ਨੂੰ ਬਤਾਇਆ ਕਿ ਮਲਿਕ ਮੁਲਕ ਤੇ ਕਾਬਿਜ ਹੋ ਕੇ ਬਾਗੀ ਹੋ ਗਿਆ ਹੈ।

ਇਸ ਪਰ ਬਾਦਸ਼ਾਹ ਨੇ ਚੰਦ੍ਹੜਾ ਨੂੰ ਮਲਿਕ ਦੇ ਹੋਸ਼ ਠਿਕਾਣੇ ਕਰਨ ਭੇਜਿਆ। ਦੋਵੇਂ ਯੋਧਾ ਮੈਦਾਨ ਜੰਗ ਵਿੱਚ ਕਟ ਕੇ ਮਰ ਗਏ। ਢਾਡੀਆਂ ਨੇ ਉਨ੍ਹਾਂ ਦੀ ਵਾਰ ਇਸ ਵਜਨ ਤੇ ਬਣਾਈ-

ਕਾਬੁਲ ਵਿੱਚ ਮੁਰੀਦ ਖਾਂ ਫੜਿਆ ਬਡ ਜੋਰ,
ਚੰਦ੍ਹੜਾ ਲੈ ਫੌਜ ਕੋ ਚੜ੍ਹਿਆ ਬਡ ਤੋਰ,
ਦੁਹਾਂ ਕੰਧਾਰਾਂ ਮੁਹ ਜੁੜੇ ਦਾਮਾਮੇ ਦੌਰ,
ਸਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ,
ਹੋਲੀ ਖੇਲੇ ਚੰਦ੍ਹੜਾ ਰੰਗ ਲੱਗੇ ਸੌਰ,
ਦੋਵੇਂ ਤਰਫਾਂ ਜੁੱਟੀਆਂ ਸਰ ਵੱਗਨ ਕੌਰ,
ਮੈ ਭੀ ਰਾਇ ਸਦਾਇਸਾਂ ਵੜਿਆ ਲਾਹੌਰ,
ਦੋਵੇਂ ਸੂਰੇ ਸਾਮਣੇ ਜੂਝੇ ਉਸ ਠੌਰ,

ਇਸ ਨਾਲ ਅਠ ਤੁਕੀ ਪੌੜੀ ਮਾਝ ਵਾਰ ਦੀ ਦੇਖੋ-

ਤੂੰ ਕਰਤਾ ਪੁਰਖੁ ਅਗੰਮ ਹੈ ਆਪਿ ਸ੍ਰਿਸਟਿ ਉਪਾਤੀ।

ਇਸੇ ਤਰ੍ਹਾਂ ਹੀ ਬਾਕੀ ਅੱਠ ਵਾਰਾਂ ਦਾ ਵੇਰਵਾ ਮਹਾਨ ਕੋਸ਼ ਵਿੱਚ ਦਿੱਤਾ ਹੈ। ਮਹਾਨ ਕੋਸ਼ ਗੁਰਮਤਿ ਸੰਗੀਤ ਦੇ ਅਜਿਹੇ ਰਹੱਸਾਂ ਬਾਰੇ ਜਾਣਕਾਰੀ ਦੇਣ ਦੇ ਸਮਰਥ ਗ੍ਰੰਥ ਹੈ।

ਹਰਿਮੰਦਰ ਸਾਹਿਬ ਦੀ ਕੀਰਤਨ ਮਰਯਾਦਾ ਵਿੱਚ ਸ਼ਾਮਲ ਚੌਕੀਆਂ ਬਾਰੇ ਮਹਾਨ ਕੋਸ਼ ਵਿੱਚ ਦੱਸਿਆ ਹੈ:

ਚਾਰ ਚੌਕੀਆਂ- ਕੀਰਤਨ ਦੀਆਂ ਚਾਰ ਸਮੇਂ ਦੀਆਂ ਭਜਨ ਮੰਡਲੀਆਂ। ਗੁਰੂ ਅਰਜਨ ਦੇਵ ਜੀ ਦੀ ਥਾਪੀ ਹੋਈ ਚਾਰ ਸਮੇਂ ਕੀਰਤਨ ਦੀ ਰੀਤੀ-

1.ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਕੀ।

2. ਸਵਾ ਪਹਿਰ ਦਿਨ ਚੜ੍ਹੇ ਚਰਨ ਕਵਲ ਦੀ ਚੌਕੀ। --ਚਰਨ ਕਵਲ ਪ੍ਰਭ ਕੇ ਨਿਤ ਧਿਆਏ- ਸ਼ਬਦ ਗਾਏ ਜਾਣ ਤੋਂ ਇਹ ਸੰਗਯਾ ਹੈ।

3. ਸੰਝ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਦੀ ਚੌਕੀ।- ਸੋਦਰ ਕੇਹਾ ਸੋ ਘਰ ਕੇਹਾ-ਸ਼ਬਦ ਕਰਕੇ ਇਹ

ਸੰਗਯਾ ਹੈ।

4 ਚਾਰ ਘੜੀ ਰਾਤ ਵੀਤਣ ਪੁਰ ਕਲਯਾਨ ਦੀ ਚੌਕੀ, ਜਿਸ ਵਿੱਚ ਕਲਯਾਨ ਰਾਗ ਦੇ ਸ਼ਬਦ ਗਾਏ ਜਾਂਦੇ ਹਨ।

ਗੁਰਮਤਿ ਸੰਗੀਤ ਬਾਰੇ ਇਸ ਪ੍ਰਕਾਰ ਪ੍ਰਮਾਣੀਕ ਜਾਣਕਾਰੀ ਦੇਣ ਦੇ ਨਾਲ ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਬਾਰੇ ਵੀ ਵੇਰਵੇ ਮਹਾਨ ਕੋਸ਼ ਵਿੱਚ ਦਿੱਤੇ ਗਏ ਹਨ। ਭਾਈ ਮਰਦਾਨਾ ਬਾਰੇ ਐਂਟਰੀ ਵਿੱਚ ਲਿਖਿਆ ਹੈ:

ਲਖੋ ਦੇ ਉਧਰ ਤੋਂ ਬਾਦਰੇ ਮਿਰਾਸੀ ਦਾ ਪੁਤ੍ਰ, ਜੋ ਸੰਮਤ 1516 ਵਿੱਚ ਤਲਵੰਡੀ ਜਨਮਿਆ, ਅਤੇ ਸ਼੍ਰੀ ਗੁਰੂਨਾਨਕ ਦੇਵ ਦਾ ਸਿੱਖ ਹੋ ਕੇ ਭਾਈ ਪਦ ਦਾ ਅਧਿਕਾਰੀ ਹੋਇਆ। ਇਹ ਦੇਸ਼ ਦੇਸ਼ਾਂਤਰਾਂ ਵਿੱਚ ਜਗਤ ਗੁਰੂ ਦੀ ਸੇਵਾ ਵਿੱਚ ਹਾਜਿਰ ਰਹਿ ਕੇ ਕੀਰਤਨ ਕਰਦਾ ਰਿਹਾ। ਇਸ ਦਾ ਦੇਹਾਂਤ 13 ਮੱਘਰ ਸੰਮਤ 1591 ਨੂੰ ਅਫਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿੱਚ ਹੋਇਆ, ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਦੇਹ ਆਪਣੇ ਹੱਥੀਂ ਸਸਕਾਰੀ। ਰਬਾਬ ਵਜਾਉਣ ਕਰਕੇ ਰਬਾਬੀ ਉਪਾਧੀ ਭਾਈ ਮਰਦਾਨੇ ਦੇ ਨਾਮ ਨਾਲ ਆਉਂਦੀ ਹੈ। ਵਾਰ ਬਿਹਾਗੜਾ ਵਿੱਚ ਭਾਈ ਮਾਰਦਾਨੇ ਦੇ ਨਾਮ ਪੁਰ ਸ੍ਰੀ ਗੁਰੂਨਾਨਕ ਦੇਵ ਜੀ ਦੇ ਦੋ ਸ਼ਲੋਕ ਦੇਖੀਦੇ ਹਨ। ਦੇਖੋ ਪੌੜੀ 12. ਇਸ ਐਂਟਰੀ ਦੇ ਫੁਟਨੋਟ ਵਿੱਚ ਲਿਖਿਆ ਹੈ– ਗਿਆਨੀ ਠਾਕੁਰ ਸਿੰਘ ਜੀ ਨੇ ਭਾਈ ਮਰਦਾਨੇ ਦੇ ਜਨਮ ਦਾ ਮਹੀਨਾ ਫਗੁਣ ਅਤੇ ਦੇਹਾਂਤ ਦਾ ਸੰਮਤ 1595 ਲਿਖਿਆ ਹੈ। ਕਈਆਂ ਨੇ ਸੰਮਤ 1581 ਦੱਸਿਆ ਹੈ, ਅਰ ਮਰਦਾਨੇ ਦਾ ਪਰਲੋਕ ਗਮਨ ਕਰਤਾਰ ਪੁਰ ਹੋਣਾ ਲਿਖਿਆ ਹੈ। ਅਸੀਂ 1591 ਸਹੀ ਮੰਨਿਆ ਹੈ।

ਮਹਾਨ ਕੋਸ਼ ਗੁਰਮਤਿ ਸੰਗੀਤ ਦੀ ਜਾਣਕਾਰੀ ਇੱਕ ਪ੍ਰਾਣੀਕ ਗ੍ਰੰਥ ਹੋਣ ਦੇ ਨਾਤੇ ਗੁਰਮਤਿ ਸੰਗੀਤ ਦੇ ਅਜੋਕੇ ਖੋਜਕਾਰਾਂ ਲਈ ਮਾਰਗ ਦਰਸ਼ਨ ਕਰਦਾ ਹੈ।

ਮੋਬਾਇਲ : 9814053630



# ਸੁਰਲਿਪੀ ਪੱਧਤੀ ਦਾ ਉਦਗਮ, ਵਿਕਾਸ, ਗੁਣ, ਔਗੁਣ ਅਤੇ ਸੰਗੀਤ ਸਿੱਖਿਆ ਵਿਚ ਇਸ ਦਾ ਮਹੱਤਵ

ਡਾ. ਦਰਸ਼ਨ ਸਿੰਘ ਨਰੂਲਾ

ਸੰਗੀਤ ਦਾ ਮਨੁੱਖ ਜਾਤੀ ਨਾਲ ਆਰੰਭ ਤੋਂ ਹੀ ਗੂੜ੍ਹਾ ਸਬੰਧ ਰਿਹਾ ਹੈ। ਜੇਕਰ ਇਹ ਕਹੀਏ ਕਿ ਸੰਗੀਤ ਦਾ ਇਤਿਹਾਸ ਉਤਨਾ ਹੀ ਪੁਰਾਤਨ ਹੈ ਜਿਤਨੀ ਕਿ ਮਨੁੱਖ ਜਾਤੀ ਤਾਂ ਕੋਈ ਅਤਿਕਥਨੀ ਨਹੀਂ। "The origin of Music is conceived by almost all the historians of the world to be contemoraneous with the evaluation of mankind."[1] ਮਨੁੱਖੀ ਮਨ ਵਿਚ ਸਮੇਂ ਸਮੇਂ ਤੇ ਤਰ੍ਹਾਂ ਤਰ੍ਹਾਂ ਦੇ ਭਾਵ ਆਉਂਦੇ ਰਹਿੰਦੇ ਹਨ। ਉਨ੍ਹਾਂ ਭਾਵਾਂ ਨੂੰ ਮਨੁੱਖ ਜਦੋਂ ਵਿਅਕਤ ਕਰਦਾ ਹੈ ਤਾਂ ਉਸ ਦੀ ਧੁਨੀ ਵਿਚ ਉਤਰਾਅ-ਚੜ੍ਹਾਅ ਸਹਿਜ-ਸੁਭਾਅ ਹੀ ਆ ਜਾਂਦਾ ਹੈ। ਧੁਨੀ ਜਿਸ ਨੂੰ ਸੰਗੀਤਕ ਵਿਚ ਭਾਸ਼ਾ ਸੁਰ ਅਤੇ ਗਤੀ (ਜਿਸ ਨੂੰ ਲੈਅ ਕਿਹਾ ਜਾਂਦਾ ਹੈ) ਦੇ ਸੁਮੇਲ ਨਾਲ ਸੰਗੀਤ ਦੀ ਉਤਪਤੀ ਹੋਈ। ਸੰਗੀਤ ਦੇ ਦੋ ਮੁੱਖ ਰੂਪ ਹਨ : 1) ਸਿਧਾਂਤਕ ਰੂਪ, 2) ਕ੍ਰਿਆਤਮਕ ਰੂਪ। ਸਿਧਾਂਤਕ ਪੱਖ ਦੇ ਅੰਤਰਗਤ ਸੰਗੀਤ ਦੇ ਪਰਿਭਾਸ਼ਕ ਤੱਤ, ਸੰਗੀਤ ਦਾ ਇਤਿਹਾਸ, ਘਰਾਣਿਆਂ ਬਾਰੇ ਜਾਣਕਾਰੀ ਅਤੇ ਸੰਗੀਤ ਸਬੰਧੀ ਹੋਰ ਰਚਨਾਵਾਂ ਆਦਿ ਦਾ ਵਰਣਨ ਹੁੰਦਾ ਹੈ, ਜਦੋਂਕਿ ਕ੍ਰਿਆਤਮਕ ਪੱਖ ਵਿਚ ਸੰਗੀਤ ਦੀਆਂ ਵਿਭਿੰਨ ਕ੍ਰਿਆਵਾਂ, ਬੰਦਿਸ਼ਾਂ, ਸ਼ੈਲੀਆਂ, ਪੱਖਾਂ ਆਦਿ ਨੂੰ ਵਿਭਿੰਨ ਢੰਗ ਰਾਹੀਂ ਪੇਸ਼ਕਾਰੀ ਕਰਨ ਦੇ ਢੰਗ ਨੂੰ ਕੰਨਾਂ ਨਾਲ ਸੁਣਿਆ ਜਾ ਸਕਦਾ ਹੈ। ਇਨ੍ਹਾਂ ਕ੍ਰਿਆਤਮਕ ਪੱਖਾਂ ਨੂੰ ਕੇਵਲ ਸੀਨੇ ਬਸੀਨੇ ਰਹਿ ਕੇ ਸਿੱਖਿਆ ਜਾ ਸਕਦਾ ਹੈ। ਸੰਗੀਤ ਦੇ ਵਿਭਿੰਨ ਕ੍ਰਿਆਤਮਕ ਪੱਖ, ਵਿਭਿੰਨ ਕ੍ਰਿਆਵਾਂ ਸ਼ਿਸ਼ ਆਪਣੇ ਗੁਰੂ ਕੋਲ ਬਹੁਤ ਮਿਹਨਤ ਅਤੇ ਸਾਧਨਾ ਨਾਲ ਪ੍ਰਾਪਤ ਕਰਦੇ ਹਨ। ਕਿਉਂਕਿ ਇਸ ਪੱਖ ਦਾ ਕੋਈ ਲਿਖਤੀ ਰੂਪ ਨਹੀਂ ਹੁੰਦਾ ਸੀ, ਇਸ ਲਈ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਕਲਾ ਵੀ ਉਨ੍ਹਾਂ ਦੇ ਨਾਲ ਹੀ ਖਤਮ ਹੋ ਜਾਂਦੀ ਸੀ। ਸੰਗੀਤ ਦੇ ਕ੍ਰਿਆਤਮਕ ਪੱਖ ਨੂੰ ਸਥਾਈ ਬਣਾਉਣ ਲਈ ਸੰਗੀਤਕ ਕ੍ਰਿਆਵਾਂ, ਰਚਨਾਵਾਂ ਨੂੰ ਲਿਪੀਬੱਧ ਕਰਨ ਲਈ ਜਿਹੜੀ ਪੱਧਤੀ ਅਪਣਾਈ ਗਈ ਉਸ ਨੂੰ ਸੁਰਲਿਪੀ ਪੱਧਤੀ ਕਿਹਾ ਗਿਆ। ਆਰੰਭਿਕ ਅਵਸਥਾ ਵਿਚ ਕੇਵਲ ਸੁਰਾਂ ਨੂੰ ਹੀ ਲਿਪੀਬੱਧ ਕੀਤਾ ਗਿਆ। ਇਸ ਲਈ ਇਸ ਦਾ ਨਾਮ ਸੁਰਲਿਪੀ ਪੱਧਤੀ ਦੇ ਨਾਮ ਨਾਲ ਹੀ ਪ੍ਰਸਿੱਧ ਹੋ ਗਿਆ। ਪਰੰਤੂ ਹੌਲੀ ਹੌਲੀ ਜਦੋਂ ਇਸ ਦਾ ਵਿਕਾਸ ਹੋਇਆ ਤਦ ਇਸ ਵਿਚ ਵਿਭਿੰਨ ਸੰਗੀਤਮਕ ਕ੍ਰਿਆਵਾਂ, ਲੈਅਕਾਰੀਆਂ, ਮਾਤਰਾ ਕਾਲ, ਸਪਤਕ ਚਿੰਨ੍ਹ, ਤਾਲ ਚਿੰਨ੍ਹ ਆਦਿ ਵਿਸ਼ੇਸ਼ ਵਿਸ਼ੇਸ਼ਤਾਵਾਂ ਆ ਗਈਆਂ। ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕਰਨ ਤੇ ਜੇਕਰ ਇਸ ਦਾ ਨਾਮ ਸੰਗੀਤਲਿਪੀ ਪੱਧਤੀ ਰੱਖ ਦਿੱਤਾ ਜਾਂਦਾ ਤਾਂ ਵਧੇਰੇ ਉਚਿਤ ਸੀ। ਅੰਗਰੇਜ਼ੀ ਵਿਚ ਸੁਰਲਿਪੀ ਨੂੰ ਨੋਟੇਸ਼ਨ ਸਿਸਟਮ (notation System) ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸ ਦਾ ਸ਼ਾਬਦਿਕ ਅਰਥ ਹੈ "System of recording by Symbols."[2]

"संगीत में स्वर लिपी का अरथ चिंन्हो और प्रतीकों में संगीत लिखने की शैली है, जिनमें संगीत धवनी की तारता, अवधी और उतार-चड़्हाअ का पता चल सके।"[3]

ਵਿਆਪਕ ਰੂਪ ਵਿਚ ਸੁਰਲਿਪੀ ਤੋਂ ਭਾਵ ਕਿਸੇ ਸੰਗੀਤਕ ਰਚਨਾ ਨੂੰ ਵਿਭਿੰਨ ਸ਼ੈਲੀ, ਵਿਭਿੰਨ ਪੱਖ, ਵਿਭਿੰਨ ਰਾਗ, ਵਿਭਿੰਨ ਤਾਲ, ਵਿਭਿੰਨ ਕ੍ਰਿਆਵਾਂ ਆਦਿ ਰਾਹੀਂ ਪ੍ਰਸਤੁਤ ਕਰਨ ਤੋਂ ਲਿਆ ਗਿਆ ਹੈ।

1. ਵੈਦਿਕ ਯੁੱਗ ਦੀ ਸੁਰਲਿਪੀ

ਵੈਦਿਕ ਯੁੱਗ ਭਾਰਤ ਦੇ ਸੰਸਕ੍ਰਿਤਕ ਇਤਿਹਾਸ ਵਿਚ ਪ੍ਰਾਚੀਨ ਯੁੱਗ ਮੰਨਿਆ ਜਾ ਸਕਦਾ ਹੈ ਕਿਉਂਕਿ ਇਸ ਯੁੱਗ ਵਿਚ ਭਾਰਤ ਦੀਆਂ ਵਿਭਿੰਨ ਪ੍ਰਾਚੀਨ ਸੰਸਕ੍ਰਿਤੀਆਂ ਦੇ ਦਰਸ਼ਨ ਹੁੰਦੇ ਹਨ। ਵੈਦਿਕ ਯੁੱਗ ਵਿਚ ਪ੍ਰਚਲਿਤ ਸੰਗੀਤ ਨੂੰ ਸਾਮਗਾਨ ਕਿਹਾ ਜਾਂਦਾ ਸੀ। ਇਸ ਦੇ ਅੰਤਰਗਤ ਵੇਦਾਂ ਦੇ ਮੰਤਰ ਦੀਆਂ ਰਿਚਾਵਾਂ ਦਾ ਵਿਸ਼ੇਸ਼ ਸੰਗੀਤਕ ਢੰਗ ਰਾਹੀਂ ਉਚਾਰਣ ਕੀਤਾ ਜਾਂਦਾ ਸੀ। ਸਾਮਗਾਨ ਦੀ ਆਰੰਭਿਕ ਸਥਿਤੀ ਵਿਚ ਕੇਵਲ ਤਿੰਨ ਸੁਰਾਂ ਦਾ ਹੀ ਪ੍ਰਯੋਗ ਕੀਤਾ ਗਿਆ। ਜਿਸ ਨੂੰ ਆਰਚਿਕ, ਗਾਥਿਕ ਅਤੇ

ਸਾਮਿਕ ਕਿਹਾ ਗਿਆ। ਪਰੰਤੂ ਬਾਅਦ ਵਿਚ ਸੱਤ ਸੁਰਾਂ ਦਾ ਵੀ ਪ੍ਰਯੋਗ ਹੋਣ ਲੱਗਾ। ਸਾਮਗਾਨ ਵਿਚ ਸੁਰ ਦੀ ਵਿਸ਼ੇਸ਼ ਅਵਸਥਾ (ਉਚਾਈ ਜਾਂ ਨੀਚਾਈ) ਲਈ ਉਂਗਲੀਆਂ ਦਾ ਇਸ਼ਾਰਾ ਕੀਤਾ ਜਾਂਦਾ ਸੀ। ਅੱਜ ਵੀ ਦੱਖਣ ਭਾਰਤ ਵਿਚ ਵੇਦਪਾਠੀ ਸੁਰਾਂ ਦੀ ਅਵਸਥਾ ਲਈ ਉਂਗਲੀਆਂ ਨਾਲ ਅੰਕਾਂ ਦਾ ਇਸ਼ਾਰਾ ਕਰਦੇ ਹਨ। ਇਸ ਤੋਂ ਇਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਵੈਦਿਕ ਯੁੱਗ ਵਿਚ ਵੀ ਸੁਰ ਅਵਸਥਾ ਲਈ ਅਜਿਹੇ ਸੰਕੇਤਾਂ ਦਾ ਪ੍ਰਯੋਗ ਹੁੰਦਾ ਰਿਹਾ। ਸਾਮਗਾਨ ਇਕ ਵਿਸ਼ੇਸ਼ ਰੀਤੀ ਅਨੁਸਾਰ ਗਾਇਆ ਜਾਂਦਾ ਸੀ। ਇਸ ਰੀਤੀ ਦੇ ਕ੍ਰਿਆਤਮਕ ਪੱਖ ਨੂੰ ਵੇਦਪਾਠੀ ਸਾਹਮਣੇ ਖੜ ਕੇ ਹੀ ਨਿਰਦੇਸ਼ ਦਿੰਦੇ ਸਨ। ਇਹ ਰੀਤੀ ਆਪਣੇ ਆਪ ਵਿਚ ਸੰਪੂਰਨ ਸੀ। ਕਿਸੇ ਵੀ ਕਲਾ ਪੱਖ ਦਾ ਕ੍ਰਿਆਤਮਕ ਪੱਖ ਇਤਨਾ ਸੰਪੂਰਨ ਹੋ ਜਾਵੇ ਤਾਂ ਉਸ ਦਾ ਸਿਧਾਂਤਕ ਪੱਖ ਬਣਦਾ ਹੈ। ਇਸ ਤੱਥ ਤੋਂ ਵੈਦਿਕ ਕ੍ਰਿਆਤਮਕ ਸੁਰਲਿਪੀ ਦਾ ਵੀ ਲਿਖਤੀ ਰੂਪ ਪ੍ਰਚਲਿਤ ਹੋਇਆ, ਜਿਸ ਦਾ ਵਰਣਨ ਵੇਦਾਂ ਵਿਚ ਮਿਲਦਾ ਹੈ। ਵੇਦਾਂ ਦੇ ਮੰਤਰ ਦੀਆਂ ਰਿਚਾਵਾਂ ਉਪਰ ਅੰਕਾਂ ਦੀ ਗਿਣਤੀ ਲਿਖੀ ਜਾਂਦੀ ਸੀ। ਜਿਵੇਂ ਪਹਿਲੀ ਸਦੀ ਤੋਂ ਲੈ ਕੇ ਚੌਥੀ ਸਦੀ ਤੱਕ ਸੰਗੀਤ ਦੇ ਪ੍ਰਮੁੱਖ ਗ੍ਰੰਥਾਂ ਨਾਰਦੀ ਸਿਕਸ਼ਾ' ਅਤੇ ਨਾਟਯ ਸ਼ਾਸਤਰ' ਦੀ ਰਚਨਾ ਹੋਈ ਪਰੰਤੂ ਇਨ੍ਹਾਂ ਗ੍ਰੰਥਾਂ ਵਿਚੋਂ ਸੁਰਲਿਪੀ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ, ਕੇਵਲ ਇਹ ਹੀ ਸਪਸ਼ਟ ਰੂਪ ਨਾਲ ਮਿਲਦਾ ਹੈ ਕਿ ਸੁਰਾਂ ਨੂੰ ਸ ਰਿ ਗ ਮ ਪ ਧ ਨਿ' ਸੰਖੇਪ ਨਾਵਾਂ ਨਾਲ ਜਾਣਿਆ ਗਿਆ। ਸੁਰਾਂ ਦੇ ਸੰਖੇਪ ਰੂਪ ਨੂੰ ਹੀ ਸੁਰਲਿਪੀ ਦੇ ਸੰਕੇਤ ਕਿਹਾ ਜਾ ਸਕਦਾ ਹੈ। ਇਥੋਂ ਤੱਕ ਕਿ ਮਤੰਗ ਨੇ ਆਪਣੇ ਗ੍ਰੰਥ ਬ੍ਰਹਿਦੇਸ਼ੀ' ਵਿਚ ਚਾਹੇ ਰਾਗ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਕੀਤਾ (ਇਨ੍ਹਾਂ ਦਾ ਸਰੂਪ ਸਿਧਾਂਤ ਵਰਤਮਾਨ ਰਾਗਾਂ ਦੀ ਤਰ੍ਹਾਂ ਨਹੀਂ ਸੀ) ਪਰੰਤੂ ਸੁਰਲਿਪੀ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ।

2. ਸ਼ਾਰੰਗਦੇਵ ਕਾਲ ਵਿਚ ਸੁਰਲਿਪੀ

ਸੁਰਲਿਪੀ ਬਾਰੇ ਸਪਸ਼ਟ ਰੂਪ ਨਾਲ ਚਿੰਨ੍ਹਾਂ ਦਾ ਵਰਣਨ ਸੰਗੀਤ ਰਤਨਾਕਰ' ਵਿਚ ਮਿਲਦਾ ਹੈ। ਸੁਰਾਂ ਦਾ ਸੰਖੇਪ ਨਾਮ ਸ ਰਿ ਗ ਮ ਪ ਧ ਨਿ' ਤਾਂ ਨਾਟਯ ਸ਼ਾਸਤਰ' ਅਤੇ ਬ੍ਰਹਿਦੇਸ਼ੀ' ਵਿਚ ਵੀ ਮਿਲਦਾ ਹੈ ਪਰੰਤੂ ਇਨ੍ਹਾਂ ਦੇ ਮੰਦਰ ਸਪਤਕ, ਤਾਰ ਸਪਤਕ, ਮਾਤਰਾ ਕਾਲ, ਤਾਲ ਚਿੰਨ੍ਹ, ਗੀਤ ਦੇ ਬੋਲ ਤੇ ਠਹਿਰਾਵ ਆਦਿ ਲਈ ਵਿਸ਼ੇਸ਼ ਚਿੰਨ੍ਹਾਂ ਦਾ ਪ੍ਰਯੋਗ ਕੀਤਾ। ਜਿਵੇਂ :

| | | | | | | |
|---|---|---|---|---|---|---|
| 1. | ਮੰਦਰ ਸਪਤਕ | – ਸਵਰ ਦੇ ਉਪਰ ਬਿੰਦੀ (ਮਂ, ਪਂ, ਧਂ) | | | | |
| 2. | ਤਾਰ ਸਪਤਕ | – ਛੋਟੀ ਜਿਹੀ ਖੜੀ ਰੇਖਾ (ਸ', ਰੇ', ਗੇ') | | | | |
| 3. | ਇਕ ਮਾਤਰਾ ਕਾਲ – ਵਿਸ਼ੇਸ਼ ਮਾਤਰਾ ਦੇ ਹੇਠਾਂ ਸੁਰ, ਜਿਵੇਂ | | 1 | 2 | 3 | 4 |
| | | | ਸ | ਰੇ | ਗ | ਗ |
| 4. | ਦੋ ਮਾਤਰਾ ਕਾਲ | – | 1 | 2 | 3 | 4 |
| | | | ਸਸ | ਰੇਰੇ | ਗਗ | ਮਮ |
| 5. | ਗੀਤ ਦੇ ਬੋਲ ਠਹਿਰਾਵ ਲਈ – "0" ਇਸ ਚਿੰਨ ਦੀ ਵਰਤੋਂ ਕੀਤੀ ਜਾਂਦੀ ਸੀ। | | | | | |
| 6. | ਤਾਲ ਲਿਪੀ ਲਈ ਲਘੂ ਗੁਰੂ ਅਤੇ ਪਲੁਤ ਦੇ ਆਧਾਰ ਤੇ ਚਿੰਨ੍ਹ ਪ੍ਰਗਟਾਏ ਜਾਂਦੇ ਸਨ, ਜਿਵੇਂ I S z | | | | | |

ਇਨ੍ਹਾਂ ਦੇ ਆਧਾਰ ਤੇ ਤਾਲ ਦੀਆਂ ਮਾਤਰਾਵਾਂ ਨਿਰਧਾਰਿਤ ਹੁੰਦੀਆਂ ਸਨ।

3. ਮੱਧ ਕਾਲ ਵਿਚ ਸੁਰ ਲਿਪੀ ਦੀ ਪੱਧਤੀ

ਮੱਧ ਕਾਲ ਵਿਚ ਬਹੁਤ ਸਾਰੇ ਗ੍ਰੰਥਕਾਰਾਂ ਨੇ ਸੰਗੀਤ ਸਬੰਧੀ ਗ੍ਰੰਥ ਲਿਖੇ। ਜਿਵੇਂ ਲੋਚਨ ਦੀ ਰਾਗ ਤਰੰਗਣੀ, ਅਹੋਬਲ ਦੀ ਸੰਗੀਤ ਪਾਰਿਜਾਤ, ਸੋਮਨਾਥ ਦਾ ਰਾਗ ਵਿਬੋਧ, ਵਿਅਕੰਟਮੁਖੀ ਦਾ ਚਤੁਰਦੰਡੀ-ਪ੍ਰਕਾਸ਼ਿਕਾ, ਆਦਿ ਗ੍ਰੰਥਾਂ ਵਿਚੋਂ ਵੀ ਸੁਰਲਿਪੀ ਦਾ ਕੋਈ ਵਿਸ਼ੇਸ਼ ਉਲੇਖ ਨਹੀਂ ਮਿਲਦਾ। ਕਿਉਂਕਿ ਮੱਧਕਾਲ ਸਮੇਂ ਭਾਰਤ ਤੇ ਮੁਸਲਮਾਨਾਂ ਨੇ ਵਾਰ-ਵਾਰ ਹਮਲੇ ਕੀਤੇ। ਪਰੰਤੂ ਇਸ ਤੋਂ ਇਹ ਭਾਵ ਨਹੀਂ ਕਿ ਉਸ ਸਮੇਂ ਦੌਰਾਨ ਭਾਰਤ ਵਿਚ ਕੋਈ ਸੁਰਲਿਪੀ ਮੌਜੂਦ ਨਹੀਂ ਸੀ। ਇਸ ਦੇ ਬਾਰੇ ਕੇਵਲ ਇਹ ਹੀ ਕਿਹਾ ਜਾ ਸਕਦਾ ਹੈ ਕਿ ਸੁਰਲਿਪੀ ਦਾ ਕੋਈ ਵਿਸ਼ੇਸ਼ ਰੂਪ ਵਧੇਰੇ ਵਿਕਸਿਤ ਨਹੀਂ ਹੋ ਸਕਿਆ।

4. ਬ੍ਰਿਟਿਸ਼ ਕਾਲ ਵਿਚ ਸੁਰਲਿਪੀ

19ਵੀਂ ਸਦੀ ਦੇ ਉਤਰਾਂਗ ਵਿਚ 'ਮੌਲਾ ਬਖਸ਼' ਨੇ ਸੁਰਲਿਪੀ ਦਾ ਅਵਿਸ਼ਕਾਰ ਕੀਤਾ। ਜਿਸ ਦੇ ਚਿੰਨ੍ਹ ਮੱਧ ਪ੍ਰਚਲਿਤ ਲਿਪੀ ਨਾਲੋਂ ਵਖਰੇ ਸਨ। ਇਹ ਸੁਰ ਲਿਪੀ ਬਹੁਤੀ ਦੇਰ ਤੱਕ ਨਹੀਂ ਚਲ ਸਕੀ। ਇਨ੍ਹਾਂ ਤੋਂ ਬਾਅਦ 'ਖੇਤਰ ਮੋਹਨ ਗੋਸਵਾਮੀ' ਨੇ ਸੁਰਲਿਪੀ ਦਾ ਵਿਸ਼ੇਸ਼ ਰੂਪ ਕਾਇਮ ਕੀਤਾ। ਇਸ ਵਿਚ ਸੰਗੀਤਕ ਕ੍ਰਿਆਵਾਂ ਲਈ ਵਿਸ਼ੇਸ਼ ਚਿੰਨ੍ਹ ਦੱਸੇ ਗਏ। ਇਹ ਸੁਰਲਿਪੀ ਕਾਮਯਾਬ ਤਾਂ ਹੋਈ ਪਰੰਤੂ ਬਹੁਤ ਦੇਰ ਤੱਕ ਨਾ ਟਿਕ ਸਕੀ। ਇਨ੍ਹਾਂ ਤੋਂ ਬਾਅਦ 'ਜਤਿੰਦਾਰ ਨਾਥ ਠਾਕੁਰ' ਨੇ ਆਕਾਰ ਮਾਤ੍ਰਿਕ ਸੁਰਲਿਪੀ ਬਣਾਈ। ਉਸ ਵਿਚ ਸੁਰਾਂ ਦੀ ਅਵਸਥਾ, ਮਾਤਰਾ ਕਾਲ, ਚਿੰਨ੍ਹ, ਤਾਲ ਚਿੰਨ੍ਹ ਆਦਿ ਨੂੰ ਦਰਸਾਉਣ ਲਈ ਵਿਸ਼ੇਸ਼ ਸੁਵਿਧਾ ਸੀ। ਪਰੰਤੂ ਸੁਰਿੰਦਰ ਮੋਹਨ ਠਾਕੁਰ ਨੇ ਖੇਤਰ ਮੋਹਨ ਗੋਸਵਾਮੀ ਦੀ ਸੁਰਲਿਪੀ ਵਿਚ ਥੋੜਾ ਪਰਿਵਰਤਨ ਕਰਕੇ ਇਕ ਢੰਡ ਮਾਤ੍ਰਿਕ ਸੁਰਲਿਪੀ ਦਾ ਪ੍ਰਚਾਰ ਕੀਤਾ। ਇਹ ਸੁਰਲਿਪੀ ਵੀ ਬਹੁਤ ਜ਼ਿਆਦਾ ਪ੍ਰਚਾਰ ਵਿਚ ਨਾ ਆ ਸਕੀ।

5. ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਾਰ ਅਤੇ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਦੀ ਸੁਰਲਿਪੀ ਪੱਧਤੀ

ਇਨ੍ਹਾਂ ਦੋਹਾਂ ਵਿਦਵਾਨਾਂ ਨੇ ਅਲੱਗ-ਅਲੱਗ ਜਗ੍ਹਾ ਤੇ ਜਾ ਕੇ ਉੱਚ ਕੋਟੀ ਦੇ ਘਰਾਣੇਦਾਰ ਉਸਤਾਦਾਂ ਦੀਆਂ ਬੰਦਿਸ਼ਾਂ ਨੂੰ ਸੁਣਿਆ ਅਤੇ ਉਹਨਾਂ ਨੂੰ ਇੱਕਠਾ ਕਰਕੇ ਸੁਰ ਲਿਪੀਆਂ ਤਿਆਰ ਕੀਤੀਆਂ। ਉਹਨਾਂ ਨੇ ਪਰੰਪਰਾਗਤ ਬੰਦਿਸ਼ਾਂ ਦਾ ਸੰਗ੍ਰਹਿ ਪੁਸਤਕਾਂ ਦੇ ਰੂਪ ਵਿਚ ਲਿਪੀਬੱਧ ਕੀਤਾ।

ਵਿਸ਼ਨੂੰ ਦਿਗੰਬਰ ਪਲੁਸਕਰ ਜੀ ਦੀ ਪੁਸਤਕ 'ਭਾਰਤੀ ਸੰਗੀਤ' ਲੇਖਣ ਪੱਧਤੀ ਅਤੇ ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਨੇ 'ਕ੍ਰਮਿਕ ਪੁਸਤਕ ਮਾਲਿਕਾ' (ਭਾਗ-1-6) ਵਿਚ ਅਨੇਕਾਂ ਬੰਦਿਸ਼ਾਂ ਦੇ ਵਿਭਿੰਨ ਪੱਖ, ਵਿਭਿੰਨ ਰੂਪਾਂ ਨੂੰ ਲਿਪੀਬੱਧ ਕੀਤਾ।

ਵਿਸ਼ਨੂੰਦਿਗੰਬਰ ਪਲੁਸਕਰ ਅਤੇ ਵਿਸ਼ਨੂੰਨਾਰਾਇਣ ਭਾਤਖੰਡੇ ਦੀ ਸੁਰ ਲਿਪੀ ਪੱਧਤੀ ਤੋਂ ਪਹਿਲਾਂ ਇੱਕ ਹੋਰ ਸੁਰ ਲਿਪੀ ਪੱਧਤੀ ਦਾ ਉਲੇਖ ਮਿਲਦਾ ਹੈ ਜਿਸਦਾ ਵਰਣਨ "ਸੰਗੀਤ ਸੁਦਰਸ਼ਨ" ਵਿਚ ਕੀਤਾ ਗਿਆ ਹੈ। ਇਸ ਵਿਚ ਅੰਕਿਤ ਸੁਰਲਿਪੀ ਅੱਜਕਲ੍ਹ ਪ੍ਰਚਲਿਤ ਪੰਡਿਤ ਭਾਤਖੰਡੇ ਅਤੇ ਵਿਸ਼ਨੂੰ ਦਿਗੰਬਰ ਪਲੁਸਕਰ ਜੀ ਦੀ ਸੁਰਲਿਪੀ ਤੋਂ ਪਹਿਲਾਂ ਦੀ ਹੈ, ਇਸ ਵਿਚ ਬਿਲਕੁਲ ਅੰਤਰ ਹੈ। "ਸਵਰੋਂ ਕੇ ਸਥਾਨ ਪਰ ਪਰਦੋਂ ਕੇ ਅੰਕ ਦੀਏ ਗਏ ਹੈਂ।"[4]

0 17 16 15 14 13 12 11 10 9 8 7 6 5 4 3 2 1[5]

ਮ਼ ਮੇ਼ ਪ਼ ਧੁ਼ ਧ਼ ਨ਼ੀ ਨ਼ੀ ਸ ਰੇ ਗ ਮ ਮੇ ਪ ਧ ਨੀ ਸਂ ਰੇਂ ਸਂ

ਸਮ ਦੇ ਲਈ "ਸ" ਲਿਖਿਆ ਗਿਆ ਹੈ। ਮੀਂਡ ਲਈ "ਮੀ" 1-2 ਲਿਖਿਆ ਗਿਆ ਹੈ। ਉਸ ਤੋ ਭਾਵ ਹੈ ਕਿ ਉਸ ਸੁਰ ਦੇ ਅਗਲੇ ਜਾਂ ਦੋ ਸੁਰਾਂ ਦੀ ਮੀਂਡ ਲੈਣੀ ਹੈ। ਗਮਕ ਲਈ "ਗ" ਦਾ ਸੰਕੇਤ ਹੈ। ਜਿਸ ਬੋਲ ਦੇ ਥੱਲੇ ਕੋਈ ਅੰਕ ਨਹੀਂ ਲਿਖਿਆ ਗਿਆ, ਉਸ ਤੋਂ ਭਾਵ ਹੈ ਕਿ ਪਿਛਲੇ ਅੰਕ ਦੇ ਸੁਰ ਹੀ ਲੱਗਣਗੇ।

ਅਧੁਨਿਕ ਕਾਲ ਵਿਚ ਭਾਰਤ ਵਿਚ ਪ੍ਰਚਲਿਤ ਸੁਰ ਲਿਪੀਆਂ

1. ਭਾਤਖੰਡੇ ਸੁਰ ਲਿਪੀ ਪੱਧਤੀ
2. ਵਿਸ਼ਨੂੰ ਦਿੰਗਬਰ ਸੁਰ ਲਿਪੀ ਪੱਧਤੀ
3. ਸਟਾਫ ਨੋਟੇਸ਼ਨ

1. ਭਾਤਖੰਡੇ ਸੁਰ ਲਿਪੀ ਪੱਧਤੀ:-

ਪੰ: ਭਾਤਖੰਡੇ ਨੇ ਪੁਰਾਣੇ ਉਸਤਾਦਾਂ ਸੰਗੀਤਕਾਰਾਂ ਦੀਆਂ ਬੰਦਿਸ਼ਾਂ ਨੂੰ ਬਹੁਤ ਮਿਹਨਤ ਨਾਲ ਇਕੱਠਾ ਕੀਤਾ। ਜਿਹਨਾਂ ਨੂੰ ਉਹਨਾਂ ਨੇ ਕ੍ਰਮਿਕ ਪੁਸਤਕ ਮਾਲਿਕਾ (1-6) ਨਾਮਕ ਪੁਸਤਕਾਂ ਦੇ ਅੰਤਰਗਤ ਆਪਣੀ ਸੁਰ ਲਿਪੀ ਪੱਧਤੀ ਅਨੁਸਾਰ ਵਿਭਿੰਨ ਪਰੰਪਰਾਗਤ ਸੰਗੀਤਕ ਬੰਦਿਸ਼ਾਂ ਨੂੰ ਲਿਪੀਬੱਧ ਕੀਤਾ। ਚਾਹੇ ਨੋਟੇਸ਼ਨ ਜਾਂ ਸੁਰਲਿਪੀ ਵਿਚ ਵਿਭਿੰਨ ਸੰਗੀਤਕ ਕਿਰਿਆਵਾਂ, ਸੰਗੀਤ ਦੀਆਂ ਵਿਸ਼ੇਸ਼ ਵਿਸ਼ੇਸ਼ਤਾਵਾਂ ਆਦਿ ਨੂੰ ਲਿਪੀਬੱਧ ਕਰਨ ਦੀ ਵਿਵਸਥਾ ਨਹੀਂ ਹੈ ਪ੍ਰੰਤੂ ਫਿਰ ਵੀ ਇਹ ਪੱਧਤੀ ਸੰਗੀਤ ਦੇ ਖੇਤਰ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ।

ਭਾਤਖੰਡੇ ਸੁਰਲਿਪੀ ਦੇ ਚਿੰਨ੍ਹ - ਇਸ ਪੱਧਤੀ ਦੇ ਅੰਤਰਗਤ ਹੇਠ ਲਿਖੇ ਸਿਰਲੇਖਾਂ ਅਨੁਸਾਰ ਵੰਡ ਸਕਦੇ ਹਾਂ:-

1. ਸੁਰ ਚਿੰਨ੍ਹ
2. ਮਾਤਰਾ ਕਾਲ ਚਿੰਨ੍ਹ
3. ਸਪਤਕ ਚਿੰਨ੍ਹ

4. ਸੰਗੀਤਕ ਕਿਰਿਆਵਾਂ ਦੇ ਲਈ ਚਿੰਨ੍ਹ

5. ਅਵਗ੍ਰਹਿ ਜਾਂ ਵਿਸ਼ਰਾਮ ਚਿੰਨ੍ਹ

6. ਤਾਲ ਲਿਪੀ ਚਿੰਨ੍ਹ

1. ਸੁਰ ਚਿੰਨ੍ਹ:-

ਸ਼ੁੱਧ ਸੁਰ : ਸ਼ੁਧ ਸੁਰ ਨੂੰ ਲਿਖਣ ਲਈ ਕੋਈ ਚਿੰਨ੍ਹ ਨਹੀਂ ਪ੍ਰਯੋਗ ਕੀਤਾ ਜਾਂਦਾ। ਜਿਵੇਂ ਸ ਰੇ ਗ ਮ ਆਦਿ।

ਕੋਮਲ ਸੁਰ : ਕੋਮਲ ਸੁਰ ਦੇ ਲਈ ਸੁਰ ਦੇ ਹੇਠਾਂ ਛੋਟੀ ਜਿਹੀ ਲੇਟਵੀਂ ਰੇਖਾ ਲਗਾਈ ਜਾਂਦੀ ਹੈ। ਜਿਵੇਂ ਰੇ ਗੁ ਧੁ ਨ਼ੀ ਆਦਿ।

ਤੀਵਰ ਸੁਰ : ਤੀਵਰ ਸੁਰ ਦਾ ਚਿੰਨ੍ਹ ਕੇਵਲ ਮਧਿਅਮ ਸੁਰ ਲਈ ਹੀ ਪ੍ਰਯੋਗ ਕੀਤਾ ਜਾਂਦਾ ਹੈ। ਇਸਨੂੰ ਲਿਖਣ ਦੇ ਲਈ ਸੁਰ ਦੇ ਉਪਰ ਖੜ੍ਹੀ ਰੇਖਾ ਲਾ ਦਿੱਤੀ ਜਾਂਦੀ ਹੈ। ਜਿਵੇਂ - ਮਾਂ

2. ਸਪਤਕ ਚਿੰਨ੍ਹ:-

ਮੰਦਰ ਸਪਤਕ ਚਿੰਨ੍ਹ : ਮੰਦਰ ਸਪਤਕ ਦੇ ਚਿੰਨ੍ਹਾਂ ਦੇ ਲਈ ਸੁਰਾਂ ਦੇ ਹੇਠਾਂ ਬਿੰਦੀ ਲਗਾ ਦਿੱਤੀ ਜਾਂਦੀ ਹੈ, ਜਿਵੇਂ:- ਮ਼ ਪ਼ ਧ਼ ਨ਼ੀ ਆਦਿ।

ਮੱਧ ਸਪਤਕ ਚਿੰਨ੍ਹ : ਮੱਧ ਸਪਤਕ ਦੇ ਸੁਰਾਂ ਲਈ ਸਪਤਕ ਚਿੰਨ੍ਹ ਨਹੀਂ ਪ੍ਰਯੋਗ ਕੀਤਾ ਜਾਂਦਾ । ਜਿਵੇਂ ਰੇ ਗ ਮ ਪ ਆਦਿ।

ਤਾਰ ਸਪਾਤਕ ਚਿੰਨ੍ਹ : ਤਾਰ ਸਪਤਕ ਦੇ ਸੁਰਾਂ ਦੇ ਲਈ ਸੁਰਾਂ ਦੇ ਉਪੱਰ ਬਿੰਦੀ ਲਗਾਈ ਜਾਂਦੀ ਹੈ। ਜਿਵੇਂ:-ਸਂ ਰੇਂ ਗਂ ਮਂ ਆਦਿ।

3. ਮਾਤਰਾ ਕਾਲ ਚਿੰਨ੍ਹ:-

ਵਿਸ਼ੇਸ਼ ਮਾਤਰਾ ਦੇ ਅੰਤਰਗਤ ਕਿੰਨੇ ਸੁਰਾਂ ਦਾ ਉਚਾਰਨ ਕਰਨਾ ਹੈ, ਨੂੰ ਲਿਖਣ ਲਈ ਉਸ ਮਾਤਰਾ ਦੇ ਹੇਠਾਂ ਉਤਨੇ ਹੀ ਸਵਰ ਲਿਖ ਦਿੱਤੇ ਜਾਂਦੇ ਹਨ:-

| 1 | 2 | 3 | 4 |
|---|---|---|---|
| ਪ | ਮਮ | ਗਗਗ | ਰੇ ਸ ਨਿ ਸ |

4. ਸੰਗੀਤਕ ਕਿਰਿਆਵਾਂ ਲਈ ਚਿੰਨ੍ਹ:-

ਸੰਗੀਤ ਵਿਚ ਵਿਭਿੰਨ ਸੰਗੀਤਕ ਕਿਰਿਆਵਾਂ ਦਾ ਪ੍ਰਯੋਗ ਸੁੰਦਰਤਾ ਵਧਾਉਣ ਲਈ ਕੀਤਾ ਜਾਂਦਾ ਹੈ। ਇਸਦੇ ਅੰਤਰਗਤ ਮੀਂਡ, ਕਣ, ਖਟਕਾ, ਮੁਰਕੀ, ਕ੍ਰਿੰਤਨ, ਜਮਜਮਾਂ ਆਦਿ ਆਉਂਦੇ ਹਨ। ਇਨ੍ਹਾਂ ਕਿਰਿਆਵਾਂ ਨੂੰ ਭਾਤਖੰਡੇ ਸੁਰ ਲਿਪੀ ਪੱਧਤੀ ਵਿੱਚ ਵਿਭਿੰਨ ਢੰਗਾਂ ਰਾਹੀਂ ਲਿਖਿਆ ਜਾਂਦਾ ਹੈ।

ਮੀਂਡ : ਜਦੋਂ ਇਕ ਸੁਰ ਤੋਂ ਅਗਲੇ ਸੁਰਾਂ ਦਾ ਉਚਾਰਨ ਬਿਨਾਂ ਅਖੰਡਿਤ ਧੁਨੀ ਲਈ ਉਚਾਰਿਆ ਜਾਂਦਾ ਹੈ ਤਦ ਉਸਨੂੰ ਮੀਂਡ ਕਿਹਾ ਜਾਂਦਾ ਹੈ। ਮੀਂਡ ਸਧਾਰਣ ਤੌਰ ਤੇ ਆਪਣੇ ਅਗਲੇ ਦੋ, ਤਿੰਨ ਜਾਂ ਚਾਰ ਸੁਰਾਂ ਤੱਕ ਲਈ ਜਾਂਦੀ ਹੈ। ਇਸਨੂੰ ਲਿਖਣ ਲਈ ਸਵਰਾਂ ਦੇ ਉਪਰ ਉਲਟਾ ਅਰਧ ਚੰਦਰ ਅਕਾਰ ਦਿੱਤਾ ਜਾਂਦਾ ਹੈ। ਜਿਵੇਂ:- ਧ ਨੀ ਸਂ ਆਦਿ।

ਕਣ : ਇਸ ਕਿਰਿਆ ਰਾਹੀਂ ਵਿਸ਼ੇਸ਼ ਸੁਰਾਂ ਨੂੰ ਉਚਾਰਨ ਕਰਨ ਤੋਂ ਬਾਅਦ ਜਾਂ ਪਹਿਲਾਂ ਦੋ ਢੰਗਾਂ ਰਾਹੀਂ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਉਦਾਹਰਣ ਦੇ ਲਈ ਜੇਕਰ ਪੰਚਮ ਤੇ ਮਧਿਅਮ ਦਾ ਕਣ ਦੇਣਾ ਹੋਵੇ ਤਾਂ $ਮ^{ਪ}$ ਇਸ ਤਰ੍ਹਾਂ ਲਿਖਿਆ ਜਾਵੇਗਾ ਅਤੇ ਜੇਕਰ ਪਾ ਲਿਖਿਆ ਹੋਵੇਗਾ ਤਦ ਪੰਚਮ ਨੂੰ ਉਚਾਰਨ ਤੋਂ ਬਾਅਦ ਨਿਸ਼ਾਦ ਦਾ ਕਣ (ਸਪਰਸ਼) ਦਿੱਤਾ ਜਾਵੇਗਾ।

ਖਟਕਾ : ਇਸ ਕਿਰਿਆ ਲਈ ਕੋਸ਼ਠ ਦਾ ਚਿੰਨ੍ਹ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤੋਂ ਭਾਵ ਹੈ ਕਿ ਪਹਿਲਾਂ ਉਸਦੇ ਬਾਅਦ ਵਾਲਾ ਸੁਰ ਦਾ ਕਣ ਲੈਣਾ ਹੈ ਅਤੇ ਫਿਰ ਕੋਸ਼ਠ ਵਾਲੇ ਸੁਰ ਨੂੰ ਉਚਾਰਨਾ ਹੈ। ਫਿਰ ਉਸ ਦੇ ਪਹਿਲਾਂ ਵਾਲੇ ਸੁਰ ਦਾ ਕਣ ਲੈਣਾ ਫਿਰ ਕੋਸ਼ਠ ਵਾਲੇ ਸੁਰ ਨੂੰ ਉਚਾਰਨਾ ਹੈ : ਜਿਵੇਂ (ਰ) ਦਾ ਭਾਵ ਹੈ ਗਰ ਸਰ

5. ਅਵਗ੍ਰਹਿ ਅਤੇ ਵਿਸ਼ਰਾਮ ਚਿੰਨ੍ਹ:-

ਸੰਗੀਤ ਦੀਆਂ ਵਿਭਿੰਨ ਬੰਦਿਸ਼ਾਂ ਨੂੰ ਪ੍ਰਸਤੁਤ ਕਰਦੇ ਸਮੇਂ ਅਵਗ੍ਰਹਿ ਵਿਸ਼ਰਾਮ ਜਾਂ ਠਹਿਰਾਵ ਕੀਤਾ ਜਾਂਦਾ ਹੈ। ਅਜਿਹੀ ਕਿਰਿਆ ਲਈ ਡੈਸ਼ ਜਾਂ ਅਵਗ੍ਰਹਿ ਦਾ ਚਿੰਨ੍ਹ ਵਰਤਿਆ ਜਾਂਦਾ ਹੈ। ਜਿਵੇਂ:- ਗ------ ਜਾਂ SSS ਆਦਿ।

6. ਤਾਲ ਲਿਪੀ ਚਿੰਨ੍ਹ:-

ਜਿਸ ਬੰਦਿਸ਼ ਨੂੰ ਜਿਸ ਤਾਲ ਵਿਚ ਲਿਪੀਬੱਧ ਕੀਤਾ ਜਾਂਦਾ ਹੈ ਉਸ ਤਾਲ ਦੇ ਚਿੰਨ੍ਹ ਵਿਸ਼ੇਸ਼ ਤਾਲ ਲਿਪੀ ਅਨੁਸਾਰ ਉਸਦੀ ਬੰਦਿਸ਼ ਵਿਚ ਲਗਾਏ ਜਾਂਦੇ ਹਨ। ਭਾਤਖੰਡੇ ਸੁਰ ਲਿਪੀ ਪੱਧਤੀ ਵਿਚ ਤਾਲ ਲਿਪੀ ਚਿੰਨ੍ਹ ਇਸ ਤਰ੍ਹਾਂ ਲਗਾਏ ਜਾਂਦੇ ਹਨ। ਜਿਵੇਂ:-

ਸਮ - ਤਾਲ ਦੀ ਪਹਿਲੀ ਮਾਤਰਾ ਜਿਸ ਨੂੰ ਸਮ ਕਿਹਾ ਜਾਂਦਾ ਹੈ। "×" ਦਾ ਚਿੰਨ੍ਹ ਲਗਾਇਆ ਜਾਂਦਾ ਹੈ।

ਖਾਲੀ - ਜਿਸ ਮਾਤਰਾ ਤੇ "0" ਦਾ ਚਿੰਨ੍ਹ ਹੋਵੇ ਉਹ ਖਾਲੀ ਨੂੰ ਦਰਸਾਉਂਦਾ ਹੈ।

ਵਿਭਾਗ - ਤਾਲ ਦੀਆਂ ਵਿਭਿੰਨ ਮਾਤਰਾਵਾਂ ਨੂੰ ਵਿਭਾਗਾਂ ਰਾਹੀਂ ਵੰਡਿਆ ਗਿਆ ਹੈ। ਉਸਦੇ ਲਈ ਵਿਸ਼ੇਸ਼ ਮਾਤਰਾ ਦੀ ਗਿਣਤੀ ਤੋਂ ਬਾਅਦ ਉਸਨੂੰ ਵਿਭਾਜਿਤ ਕਰ ਦਿੱਤਾ ਜਾਂਦਾ ਹੈ। ਜਿਵੇਂ ਦਾਦਰਾ ਤਾਲ ਦੀਆਂ 6 ਮਾਤਰਾਵਾਂ ਹਨ। ਇਸਦੇ 3-3 ਮਾਤਰਾਵਾਂ ਦੇ 2 ਵਿਭਾਗ ਹਨ। ਵਿਭਾਗਾਂ ਨੂੰ ਦਰਸਾਉਣ ਲਈ ਇਸ ਤਰ੍ਹਾਂ ਲਿਖਿਆ ਜਾਂਦਾ ਹੈ:

ਦਾਦਰਾ ਤਾਲ

| | | | | | | |
|---|---|---|---|---|---|---|
| ਮਾਤਰਾ | 1 | 2 | 3 | 4 | 5 | 6 |
| ਬੋਲ | ਧਾ | ਧਿੰ | ਨਾ | ਧਾ | ਤਿੰ | ਨਾ |
| ਚਿੰਨ੍ਹ | × | | | 0 | | 0 |

ਤਾਲੀ - ਤਾਲ ਵਿਚ ਸਮ ਤੋਂ ਇਲਾਵਾ ਹੋਰਨਾਂ ਜਗ੍ਹਾ ਤੇ ਵੀ ਤਾਲੀ ਹੁੰਦੀ ਹੈ। ਜਿਸ ਤਾਲ ਵਿਚ ਜਿੰਨੀਆਂ ਤਾਲੀਆਂ ਹੁੰਦੀਆਂ ਹਨ ਉਤਨੀ ਹੀ ਗਿਣਤੀ ਵਧਦੀ ਜਾਂਦੀ ਹੈ। ਜਿਵੇਂ ਤੀਨ ਤਾਲ ਵਿਚ 1,5,13 ਤੇ ਤਾਲੀਆਂ ਹਨ। ਇਸ ਵਿਚ ਇਸ ਦੀ ਪਹਿਲੀ ਮਾਤਰਾ, ਜਿਸਨੂੰ ਸਮ ਕਿਹਾ ਜਾਂਦਾ ਹੈ, ਉਸਤੇ '×' ਦਾ ਚਿੰਨ੍ਹ ਹੀ ਆਵੇਗਾ। ਪ੍ਰੰਤੂ5ਵੀਂ ਮਾਤਰਾ ਤੇ ਦੂਸਰੀ ਤਾਲੀ ਦੇ ਲਈ ਹੇਠਾਂ 2 ਦਾ ਚਿੰਨ੍ਹ ਅਤੇ 13ਵੀਂ ਤੇ ਤੀਜੀ ਤਾਲੀ ਤੇ 3 ਦਾ ਚਿੰਨ੍ਹ ਆਵੇਗਾ।

ਵਿਸ਼ਨੂੰ ਦਿਗੰਬਰ ਸੁਰਲਿਪੀ ਪੱਧਤੀ

ਵਿਸ਼ਨੂੰ ਦਿਗੰਬਰ ਸੁਰਲਿਪੀ ਪੱਧਤੀ ਨੂੰ ਵੀ ਭਾਤਖੰਡੇ ਸੁਰ ਲਿਪੀ ਪ੍ਰਣਾਲੀ ਅਨੁਸਾਰ ਵੰਡਿਆ ਜਾ ਸਕਦਾ ਹੈ।

1) ਸੁਰ ਚਿੰਨ੍ਹ, 2) ਸਪਤਕ ਚਿੰਨ੍ਹ, 3) ਕਾਲ ਮਾਤਰਾ ਚਿੰਨ੍ਹ,
4) ਵਿਭਿੰਨ ਸੰਗੀਤਕ ਕਿਰਿਆਵਾਂ ਦੇ ਚਿੰਨ੍ਹ, 5) ਤਾਲ ਲਿਪੀ ਚਿੰਨ੍ਹ

1. ਸੁਰ ਚਿੰਨ੍ਹ:-

ਸ਼ੁਧ ਸੁਰ:- ਸ਼ੁਧ ਸੁਰ ਲਈ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ ਪ੍ਰੰਤੂ ਸਪਤਕ ਚਿੰਨ੍ਹ ਦਾ ਪ੍ਰਯੋਗ ਕੀਤਾ ਜਾਵੇਗਾ।

ਕੋਮਲ ਸੁਰ:- ਕੋਮਲ ਸੁਰਾਂ ਲਈ ਸੁਰਾਂ ਦੇ ਹੇਠਾਂ ਭਾਸ਼ਾ ਵਿਚ ਪ੍ਰਯੋਗ ਕੀਤਾ ਜਾਣ ਵਾਲਾ ਹਲੰਤ ਦਾ ਨਿਸ਼ਾਨ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ:-ਰੇ੍ ਗ੍ ਧ੍ ਨੀ੍।

ਤੀਵਰ ਸੁਰ:- ਤੀਵਰ ਸੁਰ ਲਈ ਸੁਰ ਦੇ ਹੇਠਾਂ ਉਲਟਾ ਹਲੰਤ ਲਗਾ ਦਿਤਾ ਜਾਂਦਾ ਹੈ। ਜਿਵੇਂ:- ਮ੍ਹ

2. ਸਪਤਕ ਚਿੰਨ੍ਹ :-

ਮੰਦਰ ਸਪਤਕ ਚਿੰਨ੍ਹ :- ਮੰਦਰ ਸਪਤਕ ਦੇ ਸਵਰਾਂ ਦੇ ਉਪਰ ਸਪਤਕ ਚਿੰਨ੍ਹ ਵਜੋਂ ਬਿੰਦੀ ਲਗਾਈ ਜਾਂਦੀ ਹੈ। ਜਿਵੇਂ:- ਮਂ ਪਂ ਧਂ ਨੀਂ ਆਦਿ।

ਮਧ ਸਪਤਕ ਚਿੰਨ੍ਹ :- ਮੱਧ ਸਪਤਕ ਦੇ ਸਵਰਾਂ ਦੇ ਉਪਰ ਸਪਤਕ ਚਿੰਨ੍ਹ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਜਿਵੇਂ:-ਰੇ ਗ ਮ ਪ ਆਦਿ।

ਤਾਰ ਸਪਤਕ ਚਿੰਨ੍ਹ:- ਤਾਰ ਸਪਤਕ ਦੇ ਸੁਰਾਂ ਦੇ ਲਈ ਸੁਰਾਂ ਦੇ ਉੱਪਰ ਸਪਤਕ ਚਿੰਨ੍ਹ ਵਜੋਂ ਇਕ ਛੋਟੀ ਜਿਹੀ ਖੜ੍ਹੀ ਰੇਖਾ

ਲਗਾਈ ਜਾਂਦੀ ਹੈ। ਜਿਵੇਂ:- ਸ। ਰੇ। ਗ। ਆਦਿ।

3. ਸੁਰ ਮਾਤਰਾ ਕਾਲ ਚਿੰਨ੍ਹ :-

ਸੁਰ ਮਾਤਰਾ ਕਾਲ ਚਿੰਨ੍ਹ ਤੋਂ ਭਾਵ ਹੈ ਕਿ ਵਿਸ਼ੇਸ਼ ਮਾਤਰਾ ਵਿਚ ਕਿੰਨੇ ਸੁਰ ਲਿਖਣੇ ਹਨ ਜਾਂ ਵਿਸ਼ੇਸ਼ ਸੁਰ ਦੀ ਮਾਤਰਾ ਕਾਲ ਨੂੰ ਕਿਵੇਂ ਲਿਖਣਾ ਹੈ।

ਇਕ ਮਾਤਰਾ ਕਾਲ ਲਈ - ਸੁਰ ਦੇ ਹੇਠਾਂ ਰੇਖਾ ਲਗਾ ਦਿਤੀ ਜਾਂਦੀ ਹੈ। ਜਿਵੇਂ:- ਸੁ ਰੁ ਗੁ ਮੁ ਆਦਿ

ਦੋ ਮਾਤਰਾ ਕਾਲ ਲਈ - ਦੋ ਮਾਤਰਾ ਕਾਲ ਲਈ ਚਿੰਨ੍ਹ ਲਗਾਇਆ ਜਾਂਦਾ ਹੈ ਜਿਵੇਂ:- ਗੂ ਮੂ ਆਦਿ, ਇਸ ਤੋਂ ਭਾਵ ਹੈ ਕਿ ਹਰੇਕ ਸੁਰ ਦੀਆਂ ਦੋ ਮਾਤਰਾਵਾਂ ਹੁੰਦੀਆਂ ਹਨ।

1/2 ਮਾਤਰਾ ਲਈ - ਇਸ ਦੇ ਲਈ ਸੁਰ ਦੇ ਹੇਠਾਂ ਬਿੰਦੀ ਲਗਾਈ ਜਾਂਦੀ ਹੈ ਜਿਵੇਂ:- ਰ਼ੇ ਗ਼ੇ

1/4 ਮਾਤਰਾ ਲਈ - ਰੁ ਗੁ ਮੁ ਪੁ

1/4 ਮਾਤਰਾ ਲਈ - ਸੁਰੁਗੁਮੁਪੁਧੁ ਨ੍ਹਿਸੁਂ

4. ਸੰਗੀਤਕ ਕਿਰਿਆਵਾਂ:-

ਸੰਗੀਤ ਵਿਚ ਪ੍ਰਯੋਗ ਹੋਣ ਵਾਲੀਆਂ ਵਿਭਿੰਨ ਸੰਗੀਤਕ ਕਿਰਿਆਵਾਂ ਜਿਵੇਂ:- ਮੀਂਡ, ਕਣ, ਖਟਕਾ ਆਦਿ ਲਈ ਵਿਭਿੰਨ ਤਰ੍ਹਾਂ ਦੇ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ:-

ਮੀਂਡ :-

ਇਸ ਕਿਰਿਆ ਦੇ ਚਿੰਨ੍ਹ ਲਈ ਸੁਰਾਂ ਦੇ ਉਪਰ ਉਲਟਾ ਚੰਦਰ ਆਕਾਰ ਬਣਾ ਦਿਤਾ ਜਾਂਦਾ ਹੈ। ਜਿਵੇਂ:-ਰੇ ਪ।

ਕਣ:-

ਇਸ ਲਈ ਦੋ ਸਰਾਂ ਨੂੰ ਉਪਰ ਥੱਲੇ ਕਰਕੇ ਲਿਖਿਆ ਜਾਂਦਾ ਹੈ। ਜਿਵੇਂ :- ਮਰੇ ਇੱਥੇ ਰੇ ਸਵਰ ਤੋਂ ਮਧਿਅਮ' ਦਾ ਕਣ ਦਿੱਤਾ ਜਾਂਦਾ ਹੈ।

5. ਤਾਲ ਲਿਪੀ ਚਿੰਨ੍ਹ :-

ਸਮ - ਸਮ ਲਈ ੧ ਦਾ ਚਿੰਨ੍ਹ ਲਿਖਿਆ ਜਾਂਦਾ ਹੈ।

ਖਾਲੀ - ਖਾਲੀ ਦੇ ਚਿੰਨ੍ਹ ਲਈ + ਦਾ ਨਿਸ਼ਾਨ ਲਿਖਿਆ ਜਾਂਦਾ ਹੈ।

ਤਾਲੀ - ਤਾਲ ਵਿਚ ਵਿਭਿੰਨ ਸਥਾਨਾਂ ਤੇ ਤਾਲੀਆਂ ਹੁੰਦੀਆਂ ਹਨ। ਸਮ ਤੋਂ ੧' ਦਾ ਚਿੰਨ੍ਹ ਲਗਾਇਆ ਜਾਂਦਾ ਹੈ। ਪ੍ਰੰਤੂਬਾਕੀ ਜਗ੍ਹਾ ਤੇ ਤਾਲੀਆਂ ਦੀ ਗਿਣਤੀ ਨਹੀਂ ਲਿਖੀ ਜਾਂਦੀ ਬਲਕਿ ਜਿਸ ਮਾਤਰਾ ਤੇ ਤਾਲੀ ਹੁੰਦੀ ਹੈ ਉਹੀ ਮਾਤਰਾ ਹੇਠਾਂ ਲਿਖ ਦਿਤੀ ਜਾਂਦੀ ਹੈ।

ਪੱਛਮੀ ਸੁਰਲਿਪੀ ਪੱਧਤੀ :-

ਪੱਛਮੀ ਸੁਰਲਿਪੀ ਪੱਧਤੀ ਦੇ ਅੰਤਰਗਤ ਚਾਰ ਪ੍ਰਕਾਰ ਦੀਆਂ ਸੁਰਲਿਪੀਆਂ ਦਾ ਨਾਮ ਮੁੱਖ ਤੌਰ ਤੇ ਲਿਆ ਜਾ ਸਕਦਾ ਹੈ:-

1. ਸੋਲਫ਼ਾ ਸੁਰਲਿਪੀ ਪੱਧਤੀ
2. ਨਿਉਮਸ ਸੁਰਲਿਪੀ ਪੱਧਤੀ
3. ਚੀਵ ਸੁਰਲਿਪੀ ਪੱਧਤੀ
4. ਸਟਾਫ਼ ਸੁਰਲਿਪੀ ਪੱਧਤੀ

ਇਨ੍ਹਾਂ ਸੁਰਲਿਪੀ ਪੱਧਤੀਆਂ ਦੀਆਂ ਭਾਰਤ ਵਿਚ ਪ੍ਰਚਲਿਤ ਸੁਰਲਿਪੀ ਪੱਧਤੀਆਂ ਨਾਲ ਕੁਝ ਸਮਾਨਤਾਵਾਂ ਮਿਲਦੀਆਂ ਹਨ। ਜਿਵੇਂ ਚੀਵ ਸੁਰਲਿਪੀ ਵਿਚ ਸਾਮਗਾਨ ਦੀ ਤਰ੍ਹਾਂ ਗਣਿਤ ਦੇ ਅੰਕਾਂ ਦਾ ਪ੍ਰਯੋਗ ਸੁਰ ਨੂੰ ਦਰਸਾਉਣ ਲਈ ਅਤੇ ਉਸ ਦੇ ਸਥਾਨ ਨੂੰ ਅਰਥਾਤ ਉਸਦੇ ਉੱਚੇ ਨੀਵੇਂ ਸੁਰ ਅਵਸਥਾ ਲਈ ਬਿੰਦੂ ਲਗਾ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਸੋਲਫਾ ਨੋਟੇਸ਼ਨ ਵਿਚ ਤਾਰ ਸਪਤਕ ਦੇ ਸਵਰਾਂ ਲਈ ਖੜੀ ਰੇਖਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ:-ੋ, ਗੋ, ਠੋ ਆਦਿ। ਅਜਿਹਾ

ਚਿੰਨ੍ਹ ਪਲੁਸਕਰ ਜੀ ਦੀ ਪੱਧਤੀ ਵਿਚ ਵੀ ਪ੍ਰਯੋਗ ਕੀਤਾ ਜਾਂਦਾ ਹੈ।

ਇਸ ਤੋਂ ਇਹੀ ਪ੍ਰਤੀਤ ਹੁੰਦਾ ਹੈ ਕਿ ਸੁਰਲਿਪੀ ਦੇ ਰੂਪਾਂ ਵਿਚ ਵਿਭਿੰਨ ਸਮੇਂ ਤੇ ਪਰਿਵਰਤਨ ਚਾਹੇ ਹੁੰਦਾ ਰਿਹਾ ਪ੍ਰੰਤੂ ਕੁਝ ਅੰਸ਼ ਪੁਰਾਤਨ ਵਿਚੋਂ ਅਪਣਾ ਲਏ ਗਏ।

ਪੱਛਮੀ ਸੁਰਲਿਪੀ ਪੱਧਤੀਆਂ ਵਿਚੋਂ ਸਭ ਤੋਂ ਅਧਿਕ ਸਟਾਫ਼ ਨੋਟੇਸ਼ਨ ਅਧਿਕ ਪ੍ਰਚਲਿਤ ਹੋਈ। ਇਸਦਾ ਪ੍ਰਚਾਰ ਕੇਵਲ ਵਿਦੇਸ਼ਾਂ ਵਿਚ ਹੀ ਨਹੀਂ ਬਲਕਿ ਭਾਰਤ ਵਿਚ ਹੀ ਬਹੁਤ ਪ੍ਰਚਲਿਤ ਹੈ। ਇਹ ਪੱਧਤੀ ਸਰਲ ਹੈ ਅਤੇ ਸਮਝਣ ਨੂੰ ਵੀ ਅਸਾਨ ਹੈ। ਇਸ ਸੁਰਲਿਪੀ ਦੀ ਵਿਸ਼ੇਸ਼ ਵਿਸ਼ੇਸ਼ਤਾ ਇਹ ਹੈ ਕਿ ਬੰਦਿਸ਼ ਨੂੰ ਪੇਸ਼ ਕਰਨ ਵਾਲੇ ਵਿਸ਼ੇਸ਼ ਵਿਅਕਤੀ ਜਿਵੇਂ ਇਸਤਰੀ-ਪੁਰਸ਼, ਬਾਲਕ-ਬਾਲਕਾਵਾਂ ਆਦਿ, ਉਹਨਾਂ ਸਭ ਦੇ ਸੁਰ ਇੱਕ ਦੂਜੇ ਨਾਲੋਂ ਭਿੰਨ ਹੁੰਦੇ ਹਨ। ਇਨ੍ਹਾਂ ਸਾਰੀ ਪ੍ਰਕਾਰ ਦੀਆਂ ਨਾਦਾਂ ਨੂੰ ਸਟਾਫ਼ ਨੋਟੇਸ਼ਨ ਰਾਹੀਂ ਪ੍ਰਗਟ ਕਰਨ ਦੀ ਸੰਭਾਵਨਾ ਰਹਿੰਦੀ ਹੈ। ਇਸ ਪੱਧਤੀ ਲਈ ਉਨ੍ਹਾਂ ਨੇ ਪਹਿਲਾਂ ਪੰਜ ਪੰਗਤੀਆਂ ਦਾ ਪ੍ਰਯੋਗ ਕੀਤਾ ਅਤੇ ਫਿਰ ਇਸ ਦੀ ਸੰਖਿਆ 11 ਤੱਕ ਵਧਾ ਦਿਤੀ ਗਈ। ਜਿਨ੍ਹਾਂ ਦੁਆਰਾ ਤਿੰਨਾਂ ਪ੍ਰਕਾਰਾਂ ਦੇ ਸਪਤਕਾਂ ਦੇ ਸਵਰਾਂ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਇਸ ਦੀਆਂ ਵਿਸ਼ੇਸ਼ ਵਿਸ਼ੇਸ਼ਤਾਵਾਂ ਕਰਕੇ ਫਿਲਮਾਂ ਦੇ ਸੰਗੀਤ ਨਿਰਦੇਸ਼ਕ ਵਰਿੰਦ ਗਾਨ, ਕੋਰਲ ਗੀਤ ਆਦਿ, ਜਿਨ੍ਹਾਂ ਵਿਭਿੰਨ ਕੰਠਾਂ ਦਾ ਸੁਮੇਲ ਹੁੰਦਾ ਹੈ, ਦੇ ਲਈ ਸਟਾਫ਼ ਨੋਟੇਸ਼ਨ ਦਾ ਪ੍ਰਯੋਗ ਕਰਦੇ ਹਨ। ਇਹੀ ਨਹੀਂ ਬਲਕਿ ਸ਼ਾਸਤਰੀ ਸੰਗੀਤ ਦੇ ਕਲਾਕਾਰ ਵੀ ਇਸ ਸੁਰਲਿਪੀ ਦਾ ਪ੍ਰਯੋਗ ਕਰਦੇ ਹਨ। ਇਸ ਤੋਂ ਭਾਵ ਇਹ ਨਹੀਂ ਕਿ ਭਾਤਖੰਡੇ ਅਤੇ ਦਿਗੰਬਰ ਜੀ ਦੀ ਸੁਰਲਿਪੀ ਪੱਧਤੀ ਦਾ ਹੁਣ ਪ੍ਰਚਾਰ ਨਹੀਂ ਹੈ। ਉਨ੍ਹਾਂ ਦੀਆਂ ਪੱਧਤੀਆਂ ਦਾ ਵਿਸ਼ੇਸ਼ ਪ੍ਰਯੋਗ ਵਿਦਿਅਕ ਅਦਾਰਿਆਂ ਜਾਂ ਬੰਦਿਸ਼ ਨੂੰ ਵਿਸ਼ੇਸ਼ ਰੀਤੀ ਰਾਹੀਂ ਲਿਖਣ ਲਈ ਕੀਤਾ ਜਾਂਦਾ ਹੈ।

ਸੁਰਲਿਪੀ ਪੱਧਤੀ ਦੇ ਗੁਣ ਅਤੇ ਔਗੁਣ

ਗੁਣ

1. ਸੰਗੀਤ ਦੇ ਕਿਰਿਆਤਮਕ ਪੱਖ ਨੂੰ ਸਥਾਈ ਰੂਪ ਦੇਣ ਲਈ ਸੁਰਲਿਪੀ ਪ੍ਰਣਾਲੀ ਦਾ ਵਿਸ਼ੇਸ਼ ਸਥਾਨ ਹੈ। ਇਸ ਨਾਲ ਗੁਰੂਦੁਆਰਾ ਸਿੱਖੀ, ਸੰਗੀਤਕ ਰਚਨਾ ਨੂੰ ਯਾਦ ਕਰਨ ਵਿਚ ਮਦਦ ਮਿਲਦੀ ਹੈ।

2. ਸੰਗੀਤ ਦੀਆਂ ਪੁਰਾਤਨ ਪਰੰਪਰਾਗਤ ਘਰਾਣੇਦਾਰ ਬੰਦਿਸ਼ਾਂ ਉਹਨਾ ਦੇ ਸਰੂਪ ਸੁਰ ਲਿਪੀ ਪ੍ਰਣਾਲੀ ਰਾਹੀਂ ਮਿਲ ਸਕਦੇ ਹਨ। ਇਸ ਨਾਲ ਉਹਨਾਂ ਦੀਆਂ ਬੰਦਿਸ਼ਾਂ ਨੂੰ ਸੁਰਖਿਅਤ ਰੱਖਕੇ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ ਜਾ ਸਕਦਾ ਹੈ। ਇਸਦਾ ਪ੍ਰਤੱਖ ਪ੍ਰਮਾਣ ਜਿਹੜਾ ਪੰ: ਭਾਤਖੰਡੇ ਜੀ ਨੇ ਕ੍ਰਮਿਕ ਪੁਸਤਕ ਮਾਲਿਕਾ (1-6) ਭਾਗਾਂ ਵਿਚ ਸੁਰਖਿਅਤ ਕੀਤਾ ਹੈ, ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

3. ਕਿਸੇ ਵੀ ਸੰਗੀਤਕਰ ਦੀ ਕੋਈ ਵੀ ਬੰਦਿਸ਼ ਸੁਣਕੇ ਉਸਨੂੰ ਲਿਪੀਬਧ ਕੀਤਾ ਜਾ ਸਕਦਾ ਹੈ।

4. ਵਿਦਿਆਰਥੀਆਂ ਲਈ ਇਹ ਪ੍ਰਣਾਲੀ ਬਹੁਤ ਹੀ ਲਾਭਦਾਇਕ ਹੈ। ਜਿਥੋਂ ਉਹ ਗੁਰੂ ਦੁਆਰਾ ਸਿਖਾਈ ਰਚਨਾ ਭੁੱਲ ਜਾਂਦੇ ਹਨ, ਸਵਰ ਲਿਪੀ ਨੂੰ ਦੇਖ ਕੇ ਯਾਦ ਕਰ ਲੈਂਦੇ ਹਨ।

5. ਵਿਭਿੰਨ ਬੰਦਿਸ਼ਾਂ, ਚਾਹੇ ਉਹ ਸੰਗੀਤ ਦੇ ਕਿਸੇ ਵੀ ਪੱਖ ਨਾਲ ਸੰਬੰਧਿਤ ਕਿਉਂ ਨਾ ਹੋਣ, (ਜਿਵੇਂ ਸ਼ਾਸਤਰੀ, ਸੁਗਮ, ਲੋਕ, ਚਿਤਰਪਟ) ਵਿਭਿੰਨ ਲਿਪੀਬੱਧ ਰੂਪ ਵਿਚ ਪੁਸਤਕਾਂ ਵਿਚੋਂ ਪ੍ਰਾਪਤ ਹੋ ਜਾਂਦੇ ਹਨ। ਵਿਭਿੰਨ ਬੰਦਿਸ਼ਾਂ ਵਿਚ ਸੁਰਾਂ ਦੇ ਵਿਭਿੰਨ ਰੂਪ, ਵਿਭਿੰਨ ਲੈਕਾਰੀ ਆਦਿ ਦਾ ਪ੍ਰਸਤੁਤੀਕਰਨ ਕਿਵੇਂ ਕਰਨਾ ਹੈ, ਇਹ ਸੁਰਲਿਪੀ ਪ੍ਰਣਾਲੀ ਰਾਹੀਂ ਸਮਝਿਆ ਜਾਂ ਉਚਾਰਿਆ ਜਾ ਸਕਦਾ ਹੈ।

ਔਗੁਣ

1. ਸੰਗੀਤ ਇਕ ਆਦਰਸ਼ ਕਲਾ ਹੈ। ਇਸ ਕਲਾ ਨੂੰ ਚਾਹੇ ਲਿਪੀਬੱਧ ਕਰ ਦਿਤਾ ਗਿਆ ਹੋਵੇ ਪ੍ਰੰਤੂਉਸ ਵਿਚ ਸੰਗੀਤ ਦੀਆਂ ਵਿਸ਼ੇਸ਼ ਵਿਸ਼ੇਸ਼ਤਾਵਾਂ ਜਿਵੇਂ - ਬੰਦਿਸ਼ਾਂ ਵਿਚ ਵਿਸ਼ੇਸ਼ ਸੁਰ ਲਗਾਵ, ਗਮਕ, ਮੁਰਕੀ, ਕਣ ਆਦਿ ਤੱਤਾਂ ਨੂੰ ਲਿਪੀਬੱਧ ਨਹੀਂ ਕੀਤਾ ਜਾ ਸਕਦਾ। ਚਾਹੇ ਇਨ੍ਹਾਂ ਕਿਰਿਆਵਾਂ ਲਈ ਚਿੰਨ੍ਹ ਦੱਸੇ ਗਏ ਹਨ। ਪ੍ਰੰਤੂਇਨ੍ਹਾਂ ਦਾ ਪ੍ਰਯੋਗ ਕਿਵੇਂ ਕਰਨਾ ਹੈ ਇਸ ਸਬੰਧੀ ਸੁਰਲਿਪੀ ਪ੍ਰਣਾਲੀ ਅਸਮਰਥ ਹੈ। ਇਨ੍ਹਾਂ ਕਿਰਿਆਵਾਂ ਦਾ ਸਹੀ ਰੂਪ ਕੇਵਲ ਗੁਰੂਆਂ ਦੁਆਰਾ ਹੀ ਲਿਖਿਆ ਜਾ ਸਕਦਾ ਹੈ।

2. ਸੰਗੀਤ ਵਿਚ ਅਭਿਆਸ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਅਭਿਆਸ ਰਾਹੀਂ ਹੀ ਉਹ ਆਪਣੀ ਕਲਾ ਨੂੰ ਭਾਵਪੂਰਵਕ ਬਣਾ ਸਕਦਾ ਹੈ। ਪ੍ਰੰਤੂਸੁਰਲਿਪੀ ਪ੍ਰਣਾਲੀ ਨੇ ਵਿਦਿਆਰਥੀਆਂ ਨੂੰ ਆਲਸੀ ਬਣਾ ਦਿਤਾ ਹੈ। ਉਹ ਨਾ ਤਾਂ

ਅਭਿਆਸ ਕਰਦੇ ਹਨ ਅਤੇ ਨਾ ਹੀ ਯਾਦ ਰੱਖਦੇ ਹਨ। ਬਲਕਿ ਲੋੜ ਪੈਣ ਤੇ ਰਚਨਾ ਦੀ ਸੁਰਲਿਪੀ ਨੂੰ ਦੇਖ ਲੈਂਦੇ ਹਨ। ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇਕਰ ਕੁਝ ਵੀ ਭੁੱਲ ਜਾਏ ਤਾਂ ਸੁਰਲਿਪੀ ਦੇਖ ਲੈਣਗੇ। ਇਸ ਨਾਲ ਸੰਗੀਤ ਦਾ ਸਤਰ ਦਿਨੋਂ-ਦਿਨ ਘਟ ਰਿਹਾ ਹੈ। ਸੰਗੀਤ ਵਰਗੀ ਕਿਰਿਆਤਮਕ ਪੱਖੀ ਉਚ-ਕਲਾ ਜਿਹੜੀ ਕਿ ਯੋਗ ਗੁਰੂਤੋਂ ਹੀ ਸਿੱਖੀ ਜਾ ਸਕਦੀ ਹੈ, ਕੇਵਲ ਪੁਸਤਕਾਂ ਰਾਹੀਂ ਨਹੀਂ ਸਿੱਖੀ ਜਾ ਸਕਦੀ।

3. ਸੁਰ ਲਿਪੀ ਦੀ ਸਭ ਵੱਡੀ ਮੁਸ਼ਕਲ ਇਹ ਹੈ ਕਿ ਛਪਾਈ ਕਰਦੇ ਸਮੇਂ ਬਹੁਤ ਗਲਤੀਆਂ ਰਹਿ ਜਾਂਦੀਆਂ ਹਨ। ਇਹ ਨਹੀਂ, ਬਲਕਿ ਕਿਹਾ ਜਾ ਸਕਦਾ ਹੈ ਕਿ ਸੁਰਲਿਪੀ ਪ੍ਰਣਾਲੀ ਦੇ ਉਚਿਤ ਚਿੰਨ੍ਹ ਕਈ ਵਾਰ ਠੀਕ ਢੰਗ ਨਾਲ ਨਹੀਂ ਪ੍ਰਗਟਾਏ ਹੁੰਦੇ। ਜਿਸ ਨਾਲ ਰਚਨਾ ਦੀ ਸ਼ੁੱਧਤਾ ਵਿਗੜ ਜਾਂਦੀ ਹੈ। ਉਦਾਹਰਣ ਲਈ ਜੇਕਰ ਕਿਸੇ ਵਿਸ਼ੇਸ਼ ਰਾਗ ਵਿਚ ਸੁਰ ਕੋਮਲ ਲੱਗਦੇ ਹੋਣ ਪ੍ਰੰਤੂ ਛਪਾਈ ਅਸ਼ੁੱਧੀ ਰਹਿ ਜਾਵੇ, ਤਦ ਉਸ ਰਾਗ ਦਾ ਸਰੂਪ ਨਹੀਂ ਬਣ ਸਕੇਗਾ। ਕ੍ਰਮਿਕ ਪੁਸਤਕ ਮਾਲਿਕਾ (1-6) ਸੁਰਲਿਪੀ ਪ੍ਰਣਾਲੀ ਲਈ ਸਭ ਤੋਂ ਉੱਤਮ ਪੁਸਤਕਾਂ ਹਨ। ਜਿਸ ਨਾਲ ਭਾਤਖੰਡੇ ਜੀ ਨੇ ਪੁਸਤਕ ਬੰਦਿਸ਼ਾਂ ਨੂੰ ਸੁਰਖਿਅਤ ਰੱਖਕੇ ਸੰਗੀਤ ਜਗਤ ਲਈ ਇਕ ਵੱਡਮੁਲੀ ਦੇਣ ਦਿਤੀ ਹੈ। ਉਸ ਵਿਚ ਵੀ ਛਪਾਈ ਵਿਚ ਕੁਝ ਅਸ਼ੁੱਧੀਆਂ ਹਨ। ਇਸ ਨਾਲ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਯਤਨ ਕੀਤਾ ਹੈ ਕਿ ਅੱਗੋਂ ਸੰਗੀਤਕਾਰਾਂ, ਸੰਗੀਤ ਪ੍ਰੇਮੀਆਂ, ਵਿਦਿਆਰਥੀਆਂ ਆਦਿ ਨੂੰ ਕਿਧਰੇ ਵੀ ਠੀਕ ਨਾ ਲੱਗੇ, ਠੀਕ ਕਰ ਲੈਣ।

ਸਾਰਾਂਸ਼ : ਅੱਜ ਦੇ ਵਿਗਿਆਨ ਤਕਨੀਕੀ ਯੁੱਗ ਵਿਚ ਬੰਦਿਸ਼ ਨੂੰ ਸੁਰ ਲਿਪੀ ਰਾਹੀਂ ਲਿਖਣ ਦਾ ਪ੍ਰਚਾਰ ਬਹੁਤ ਘੱਟ ਰਿਹਾ ਹੈ। ਕਿਉਂਕਿ ਵਿਦਿਆਰਥੀ, ਸੰਗੀਤ ਪ੍ਰੇਮੀ ਆਦਿ ਉਨ੍ਹਾਂ ਨੂੰ ਰਿਕਾਰਡ ਕਰ ਲੈਂਦੇ ਹਨ। ਜਿਸਨੂੰ ਉਹ ਵਾਰ-ਵਾਰ ਸੁਣ ਕੇ ਯਾਦ ਕਰ ਲੈਂਦੇ ਹਨ। ਇਸ ਉਹਨਾਂ ਨੂੰ ਸੁਰਲਿਪੀ ਦੇਖਣ ਦੀ ਜ਼ਰੂਰਤ ਨਹੀਂ ਪੈਂਦੀ। ਇਹੀ ਨਹੀਂ ਬਲਕਿ ਪੁਸਤਕਾਂ ਵਿਚ ਵੀ ਦਿਤੀਆਂ ਸੁਰਲਿਪੀ ਸਹਿਤ ਬੰਦਿਸ਼ਾਂ ਦੀ ਸੀ.ਡੀ. ਨਾਲ ਦੇਣ ਦਾ ਪ੍ਰਚਾਰ ਹੋ ਰਿਹਾ ਹੈ। ਜਿਸਨੂੰ ਵਿਦਿਆਰਥੀ ਸੁਣਕੇ ਪੂਰਾ-ਪੂਰਾ ਲਾਭ ਉਠਾ ਸਕਦੇ ਹਨ। ਪ੍ਰੰਤੂਇਸ ਵਿਚ ਵੱਡੀ ਘਾਟ ਇਹ ਹੈ ਕਿ ਉਨ੍ਹਾਂ ਨੂੰ ਕਈ ਵਾਰ ਨਹੀਂ ਪਤਾ ਹੁੰਦਾ ਕਿ ਉਹ ਕਿਹੜਾ ਸੁਰ ਲਗਾ ਰਹੇ ਹਨ। ਕਿਉਂਕਿ ਉਹ ਤਾਂ ਕੇਵਲ ਉਸਨੂੰ ਤਰਜ਼ ਵਾਂਗ ਯਾਦ ਹੁੰਦੀ ਹੈ। ਅਜਿਹੀ ਅਵਸਥਾ ਵਿਚ ਉਹਨਾਂ ਦਾ ਸੁਰ ਅਭਿਆਸ ਕੱਚਾ ਰਹਿ ਜਾਂਦਾ ਹੈ। ਸੁਰ ਜਿਹੜਾ ਕਿ ਸੰਗੀਤ ਦਾ ਮੂਲ ਆਧਾਰ ਹੈ, ਦੀ ਸਹੀ ਜਾਣਕਾਰੀ ਤੋਂ ਉਹ ਵਾਂਝੇ ਰਹਿ ਜਾਂਦੇ ਹਨ। ਕਈ ਵਾਰ ਅਜਿਹੀ ਸਥਿਤੀ ਆ ਜਾਂਦੀ ਹੈ ਜਦੋਂ ਉਹ ਵਿਸ਼ੇਸ਼ ਬੰਦਿਸ਼ ਦੀ ਵਿਸ਼ੇਸ਼ਤਾ ਨੂੰ ਉਚਿਤ ਢੰਗ ਰਾਹੀਂ ਪੇਸ਼ ਨਹੀਂ ਕਰ ਸਕਦੇ ਪ੍ਰੰਤੂ ਸੁਰਲਿਪੀ ਰਾਹੀਂ ਸੁਰ ਦੇ ਵਿਸ਼ੇਸ਼ ਸਥਾਨ ਨੂੰ ਸਮਝ ਕੇ ਉਚਾਰਣ ਕਰ ਲੈਂਦੇ ਹਨ। ਇਸ ਲਈ ਇਹੀ ਕਿਹਾ ਜਾ ਸਕਦਾ ਹੈ ਕਿ ਸੁਰਲਿਪੀ ਦਾ ਅੱਜ ਵੀ ਵਿਸ਼ੇਸ਼ ਸਥਾਨ ਹੈ।

ਸਹਾਇਕ ਪੁਸਤਕਾਂ


1. ਬੰਦੋਪਾਧਿਆਇਓ ਮਿਊਜ਼ਿਕਲ ਇੰਸਟਰੂਮੈਂਟਸ ਔਫ ਇੰਡੀਆ', ਪੰਨਾ-30
2. ਸੁਮੀਤੋ ਔਕਸਫੋਰਡ ਡਿਕਸ਼ਨਰੀ', ਪੰਨਾ-213
3. ਪਰਾਂਜਪੋ ਸੰਗੀਤ ਬੋਧ', ਪੰਨਾ-40
4. ਨਿਖਿਲ ਘੋਸ਼ੋ ਰਾਗ ਤਾਲ ਕੇ ਮੂਲ ਤੱਤਵ ਔਰ ਸਵਰਲਿਪੀ', ਪੰਨਾ-9
5. ਡਾ. ਅਰੁਨ ਮਿਸ਼ਰਾੋ ਭਾਰਤੀਏ ਕੰਠ ਸੰਗੀਤ ਔਰ ਵਾਦਿਆ ਸੰਗੀਤ', ਪੰਨਾ-213
6. ਪੰ: ਸੁਦਰਨਾਚਾਰਿਆੋ ਸੰਗੀਤ ਸੁਦਰਸ਼ਨ', ਪੰਨਾ-51
7. ਡਾ. ਅਰੁਨ ਮਿਸ਼ਰਾੋ ਭਾਰਤੀਏ ਕੰਠ ਔਰ ਵਾਦਿਆ ਸੰਗੀਤ', ਪੰਨਾ-214



ਦਸਮੇਸ਼ ਪਲਬਿਕ ਸਕੂਲ, ਨਰੂਲਾ ਮਿਊਜ਼ਿਕ ਹਾਊਸ, ਮਲੋਟ 162 107, ਮੋਬਾਇਲ : 09855651623


# ਜ਼ਰੂਰੀ ਬੇਨਤੀ

**ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਜੇ ਤੁਹਾਨੂੰ ਨਾ ਚਾਹੀਦੇ ਹੋਣ ਤਾਂ ਸਾਨੂੰ ਸੂਚਿਤ ਕਰੋ ਅਸੀਂ ਮੰਗਵਾ ਲਵਾਂਗੇ**

**ਸੰਪਰਕ ਕਰੋ :**

**ਡਾ. ਜਾਗੀਰ ਸਿੰਘ, ਮੋਬ: 09814053630, ਕੋਠੀ ਨੰ: 422, ਸੈਕਟਰ 15-ਏ, ਚੰਡੀਗੜ੍ਹ**

# ਜੀਵਨ ਬਿਰਤਾਂਤ : ਬਾਬਾ ਸ਼ਾਮ ਸਿੰਘ ਜੀ

## (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲਾਉਣਾ)

ਅਮਰਜੀਤ ਕੌਰ, ਬੈਲਜੀਅਮ

ਗੁਰਬਾਣੀ ਪਾਠ ਪੂਰੀ ਤਰ੍ਹਾਂ ਸਰਲ ਹੋ ਜਾਣ ਬਾਦ ਸੰਤ ਰਾਮ ਸਿੰਘ ਜੀ ਨੇ ਭਾਈ ਗੱਜਣ ਸਿੰਘ ਨਿਹੰਗ ਸਿੰਘ ਜੀ ਨੂੰ ਆਗਿਆ ਕੀਤੀ ਕਿ ਬਾਲਕ ਸ਼ਾਮ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀਂ ਲਾ ਕੇ ਪਾਠ ਕਰਵਾਉਣ। ਪੱਛਮੀ ਵਿੱਦਿਆ ਦੀ ਪ੍ਰਾਪਤੀ ਨੇ ਸਾਡੀ ਗੁਰਦੁਆਰਿਆਂ ਦੀ ਵਿੱਦਿਆ ਪ੍ਰਾਪਤੀ ਦੀ ਝਾਕੀ ਨੂੰ ਅੱਖੋਂ ਓਹਲੇ ਕਰ ਦਿੱਤਾ ਹੈ। ਜਿਸ ਕਰਕੇ ਅੱਜਕੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀਂ ਲੱਗਣ ਦੇ ਸਮੇਂ ਦਾ ਉਤਸ਼ਾਹ ਤੇ ਉਮਾਹ ਤਾ ਅੰਦਾਜ਼ਾ ਲਾਉਂਦਾ ਔਖਾ ਹੋ ਗਿਆ ਹੈ। ਪਿਛਲਿਆਂ ਸਮਿਆਂ ਵਿਚ ਇਹ ਇਕ ਖਾਸ ਧਾਰਮਿਕ ਰਸਮ ਹੁੰਦੀ ਸੀ ਜੋ ਸਿੱਖ ਘਰਾਣਿਆਂ ਵਿਚ ਭਾਰੀ ਉਤਸ਼ਾਹ ਨਾਲ ਇਕ ਤਿਉਹਾਰ ਦੇ ਰੂਪ ਵਿਚ ਮਨਾਈ ਜਾਂਦੀ ਸੀ। ਸਭ ਦੂਰ ਨੇੜੇ ਦੇ ਰਿਸ਼ਤੇਦਾਰਾਂ ਨੂੰ ਸੱਦਾ ਪੱਤਰ ਭੇਜ ਕੇ ਬੁਲਾਇਆ ਜਾਂਦਾ ਸੀ। ਵਿਦਿਆਰਥੀ ਨੂੰ ਕੇਸੀਂ ਇਸ਼ਨਾਨ ਕਰਾ ਕੇ ਸੋਹਣੇ ਨਵੇਂ ਕੱਪੜੇ ਪਵੇ ਕੇ ਗੁਰਦੁਆਰਾ ਸਾਹਿਬ ਲਿਜਾਇਆ ਜਾਂਦਾ। ਸਾਰੇ ਭਾਈਚਾਰੇ ਅਤੇ ਆਮ ਸੰਗਤ ਦੀ ਹਾਜ਼ਰੀ ਵਿਚ ਅਰਦਾਸ ਸੋਧ ਕੇ ਬਾਲਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਿਠਾਇਆ ਜਾਂਦਾ। ਜਪੁਜੀ ਸਾਹਿਬ ਜੀ ਦੀਆਂ ਪਹਿਲੀਆਂ ਪੰਜ ਪਉੜੀਆਂ ਪਾਠ ਕਰਾਉਣ ਉਪਰੰਤ ਬਾਲਕ ਨੂੰ ਸ਼ਗਨ ਪਾਏ ਜਾਂਦੇ ਮਾਂ-ਪਿਉ ਨੂੰ ਵਧਾਈਆਂ ਮਿਲਦੀਆਂ, ਕੜਾਹ ਪਰਸ਼ਾਦ ਵਰਤਦਾ। ਇਸ ਤਰ੍ਹਾਂ ਬੜਾ ਮੰਗਲਾਚਾਰ ਹੁੰਦਾ ਸੀ।

ਬਾਲਕ ਸੰਤ ਸ਼ਾਮ ਸਿੰਘ ਜੀ ਦੇ ਪਿਤਾ ਜੀ ਇਸ ਦੁਨੀਆਂ ਵਿਚ ਨਹੀਂ ਰਹੇ ਸਨ ਅਤੇ ਮਾਤਾ ਜੀ ਵੀ ਕੋਲ ਨਹੀਂ ਸਨ; ਫਿਰ ਕੋਈ ਸਾਕ ਸੰਬੰਧੀ ਵੀ ਨਹੀਂ ਸੀ। ਅਜਿਹੀ ਹਾਲਤ ਵਿਚ ਸੰਤ ਬਾਬਾ ਰਾਮ ਸਿੰਘ ਜੀ ਨੇ ਮਾਂ ਬਾਪ ਦਾ ਫਰਜ਼ ਅਦਾ ਕਰਦੇ ਹੋਏ ਪੂਰੇ ਉਤਸ਼ਾਹ ਨਾਲ ਇਸ ਰਸਮ ਨੂੰ ਨਿਭਾਇਆ।

ਸੰਤ ਰਾਮ ਸਿੰਘ ਜੀ ਨੇ ਬਾਬਾ ਜੀ ਦੀ ਪ੍ਰਤੀ ਬਚਨ ਕੀਤਾ ਕਿ ਗੁਰਬਾਣੀ ਲਿਖਣੀ ਸਿੱਖੋ ਤੇ ਨੇਮ ਨਾਲ ਕੰਠ ਭੀ ਕਰਿਆ ਕਰੋ। ਕਲਿਯੁਗ ਵਿਚ ਗੁਰਬਾਣੀ ਲਿਖਣ ਤੇ ਕੰਠ ਕਰਨ ਵਾਲੀ ਹੋਰ ਕੋਈ ਸਮਾਧੀ ਨਹੀਂ ਹੈ। ਬਸ਼ਰਤੇ ਇਹ ਪਰਮੇਸ਼ਰ ਦੇ ਪ੍ਰੇਮ ਨਾਲ, ਨਿਸ਼ਕਾਮ ਤੇ ਮਨ ਦੀ ਪ੍ਰੀਤੀ ਨਾਲ ਹੋਵੇ। ਸੰਤਾਂ ਦਾ ਇਹ ਬਚਨ ਆਪ ਨੇ ਸਾਰੀ ਜ਼ਿੰਦਗੀ ਪੂਰੇ ਨੇਮ ਨਾਲ ਨਿਭਾਇਆ। ਆਪ ਰੋਜ਼ਾਨਾ ਪ੍ਰੇਮ ਨਾਲ ਗੁਰਬਾਣੀ ਪੜ੍ਹਦੇ ਤੇ ਕੰਠ ਕਰਦੇ। 120 ਸਾਲ ਤੋਂ ਉੱਪਰ ਆਯੂ ਹੋ ਜਾਣ ਕਰਕੇ ਜਦੋਂ ਆਪ ਦੇ ਨੇਤਰਾਂ ਦੀ ਜੋਤ ਬਹੁਤ ਘਟ ਗਈ ਤਾਂ ਆਪ ਨੇ ਆਪਣੇ ਇਕ ਸੇਵਕ ਭਾਈ ਸੰਤ ਸਿੰਘ ਬਜਾਜ ਪ੍ਰਤੀ ਬਚਨ ਕੀਤਾ ਕਿ "ਤੁਸੀਂ ਗ਼ੁਲਾਮ ਨੂੰ ਇਕ ਸ਼ਬਦ ਰੋਜ਼ ਕੰਠ ਕਰਾਇਆ ਕਰੋ।" ਇਕ ਦਿਨ ਇਕ ਰੁਪਈਆ ਤੇ ਪ੍ਰਸ਼ਾਦਾ ਮੰਗਵਾ ਕੇ ਭਾਈ ਸੰਤ ਸਿੰਘ ਅੱਗੇ ਰੱਖਕੇ ਮੱਥਾ ਟੇਕਿਆ ਤੇ ਬਚਨ ਕੀਤਾ ਕਿ, "ਇਹ ਗੁਲਾਮ ਨੂੰ ਸ਼ਬਦ ਦਾਨ ਕਰਦਾ ਹੈ ਤਾਂ ਇਹਦਾ ਪੂਜਨ ਕੀਤਾ ਹੈ।"

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਪਰ ਸ਼ਰਧਾ ਦਾ ਫਲ

ਬਾਬਾ ਜੀ ਅਕਸਰ ਇਕ ਸਾਖੀ ਸੁਣਾਇਆ ਕਰਦੇ ਸੀ ਜੋ ਸ੍ਰੀਮਾਨ ਸੰਤ ਭਾਈ ਰਾਮ ਸਿੰਘ ਜੀ ਨੇ ਭਾਈ ਮਥਰਾ ਰਾਮ ਨੂੰ ਉਪਦੇਸ਼ ਰੂਪ ਵਿਚ ਕਹੀ ਸੀ ਕਿ ਗੁਰੂ ਨਾਨਕ ਜੀ ਦੇ ਚਰਨਾਂ ਵਿਚ ਸ਼ਰਧਾ ਰੱਖਣ ਨਾਲ ਕੀ ਫਲ ਮਿਲਦਾ ਹੈ:-

"ਮਥਰਾ ਰਾਮ ਖੱਤਰੀ ਮਹਾਜਨ ਖੁਸ਼ਾਬ ਜ਼ਿਲ੍ਹਾ ਸ਼ਾਹਪੁਰ ਦਾ ਨਿਵਾਸੀ ਸੀ ਅਰ ਸੰਤਾਂ ਦੀ ਸੰਗਤ ਕਰਦਾ ਹੁੰਦਾ ਸੀ ਤੇ ਸੰਤਾਂ ਦੀ ਸੰਗਤ ਕਰਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪਰਮ ਸ਼ਰਧਾਵਾਨ ਪ੍ਰੇਮੀ ਹੋ ਗਿਆ ਸੀ। ਇਸ ਮਹਾਜਨ ਨੇ ਸਤਿਗੁਰਾਂ ਦੇ ਚਰਨਾਂ ਦੀ ਪ੍ਰੀਤੀ ਦੇ ਸਦਕੇ ਇਕ ਧਰਮਸ਼ਾਲ ਆਪਣੇ ਖਰਚ ਤੇ ਬਣਵਾਈ ਜਿਸ ਦੇ ਮਹੰਤ ਭਾਈ ਨਿਰਮਲ ਸਿੰਘ ਜੀ ਹੋਏ ਹਨ। ਸ੍ਰੀਮਾਨ ਸੰਤ ਭਾਈ ਰਾਮ ਸਿੰਘ ਜੀ ਨੂੰ ਪੂਰਨ ਸੰਤ ਮਹਾਂ ਪੁਰਸ਼ ਜਾਣ ਕੇ ਭਾਈ ਮਥਰਾ ਰਾਮ ਬਹੁਤ ਪ੍ਰੇਮ ਸਤਿਕਾਰ ਕਰਦਾ ਸੀ। ਜਦੋਂ ਵੀ ਸ੍ਰੀ ਸੰਤ ਜੀ ਖੁਸ਼ਾਬ ਆਉਂਦੇ ਤਾਂ ਭਾਈ ਮਥਰਾ ਰਾਮ ਜੀ ਆਪਣੀ ਭਾਰਜਾ (ਧਰਮ ਪਤਨੀ) ਸਹਿਤ ਪ੍ਰਸ਼ਾਦ ਲੈ ਕੇ ਸੰਤਾਂ ਦੇ ਦਰਸ਼ਨ ਕਰਨ ਆਇਆ ਕਰਦਾ ਸੀ। ਇਕ ਵੇਰੀ ਸੰਤ ਖੁਸ਼ਾਬ ਆਏ ਤਾਂ ਉਸੇ ਤਰ੍ਹਾਂ ਪ੍ਰਸ਼ਾਦ ਲੈ ਕੇ ਆਪਣੀ ਧਰਮ ਪਤਨੀ ਸਮੇਤ ਹਾਜ਼ਰ ਹੋਇਆ ਤੇ ਆ ਕੇ ਨਮਸਕਾਰ ਕੀਤੀ। ਭਾਈ ਮਥਰਾ ਰਾਮ ਤੇ ਉਹਨਾਂ ਦੀ ਧਰਮ ਪਤਨੀ ਦੋਨੋਂ ਸੰਤਾਂ ਦੇ ਪਾਸ ਚੁੱਪ-ਚਾਪ ਬੈਠੇ ਰਹੇ ਤੇ ਮੁਖੋਂ ਕੋਈ ਬਚਨ ਨਾ ਕੀਤਾ। ਤਾਂ ਹਰੀਜਨ ਜੀ ਨੇ ਮੁਸਕਰਾ ਕੇ ਕਿਹਾ, "ਕਿਉਂ ਤੁਸੀਂ ਦੰਪਤੀ ਰਾਜ਼ੀ ਤਾਂ ਹੋ?" ਤਾਂ ਪਾਸ ਬੈਠੇ ਕਿਸੇ ਸੱਜਣ ਨੇ ਸੰਤਾਂ ਪ੍ਰਤੀ ਬੇਨਤੀ ਕੀਤੀ, "ਜੀ ਰਾਜੀ ਤਾਂ ਹਨ ਪਰ ਇਹਨਾਂ ਦੀ ਧਰਮ ਪਤਨੀ ਇਕ ਸੁੱਚੇ ਮੋਤੀਆਂ ਦੀ ਵੱਡੀ ਕੀਮਤੀ ਮਾਲਾ ਨਦੀ ਵਿਚ ਗੁੰਮ ਕਰ ਆਈ ਹੈ। ਖੇਵਟਾਂ (ਮਲਾਹਾਂ)

ਪਾਸੋਂ ਨਦੀ ਵਿਚ ਬਹੁਤ ਢੂੰਡ ਕਰਵਾਈ ਪਰ ਅਜੇ ਤੱਕ ਉਹ ਮਾਲਾ ਮਿਲੀ ਨਹੀਂ। ਸ੍ਰੀਮਾਨ ਸੰਤ ਭਾਈ ਰਾਮ ਸਿੰਘ ਜੀ ਹੱਸ ਕੇ ਕਹਿਣ ਲੱਗੇ, "ਕੀ ਸ੍ਰੀ ਗੁਰੂ ਨਾਨਕ ਨਾਰਾਇਣ ਜੀ ਦਾ ਪ੍ਰਸ਼ਾਦ ਪੰਚਾਮ੍ਰਿਤ (ਕੜਾਹ ਪ੍ਰਸ਼ਾਦਿ) ਭੇਟਾ ਮੰਨ ਕਰ ਵੀ ਤੁਸਾਂ ਟੁਭਕਾ ਲਗਾਇਆ ਹੈ ਕਿ ਨਹੀਂ?" ਭਾਈ ਮਥਰਾ ਰਾਮ ਨੇ ਉੱਤਰ ਵਿਚ ਹੱਥ ਜੋੜ ਕੇ ਕਿਹਾ, "ਜੀ ਇਹ ਤਾਂ ਨਹੀਂ ਕੀਤਾ।" ਤਾਂ ਸੰਤਾਂ ਨੇ ਫੁਰਮਾਇਆ, "ਹੁਣ ਤੁਸੀਂ ਜਾਉ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪ੍ਰਸ਼ਾਦ ਮੰਨ ਕਰਕੇ ਜਹਾਂ ਨਦੀ ਵਿਚ ਮੋਤੀਆਂ ਦੀ ਮਾਲਾ ਗਿਰੀ ਸੀ ਤਹਾਂ ਚੁੱਭੀ ਲਵਾਵੋ।" ਤਬ ਭਾਈ ਮਥਰਾ ਰਾਮ ਜੀ ਐਸੇ ਹੀ ਕਰਤੇ ਗਏ। ਸ੍ਰੀ ਗੁਰੂ ਨਾਨਕ ਜੀ ਕਾ ਪ੍ਰਸ਼ਾਦ ਮੰਨ ਕਰਕੇ, ਜਬ ਟੁੱਭੀ ਮਲਾਹ ਪਾਸੋਂ ਲਵਾਈ ਤਾਂ ਪ੍ਰਥਮ ਹੀ ਮਲਾਹ ਮਾਲਾ ਲਿਆਵਤ ਭਇਆ। ਭਾਈ ਮੋਤੀ ਰਾਮ ਮੋਤੀਆਂ ਦੀ ਮਾਲਾ ਲੈ ਕਰਕੇ ਸੰਤਾਂ ਦੇ ਪਾਸ ਆ ਪੱਥਾ ਟੇਕਿਆ, ਸਹਿਤ ਹੋਰ ਮਹਾਜਨਾਂ ਦੇ। ਸਾਰੇ ਆਦਮੀ ਪ੍ਰਸੰਨ ਹੋ ਕੇ ਪੜ੍ਹਨ ਲੱਗ ਗਏ: ਧੰਨ ਗੁਰੂ ਨਾਨਕ, ਵਾਹ ਗੁਰੂ ਨਾਨਕ, ਸਤਿਗੁਰੂ ਨਾਨਕ, ਧੰਨ ਗੁਰੂ ਨਾਨਕ। ਇਸ ਪ੍ਰਕਾਰ ਉਸਤਤ ਕਰਕੇ ਫਿਰ ਪੰਚਾਮ੍ਰਿਤ ਤਿਆਰ ਕਰਵਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ ਕੀਤਾ। ਮਹੰਤ ਭਾਈ ਕਨ੍ਹਈਆ ਰਾਮ ਜੀ ਨੇ ਅਨੰਦ ਸਾਹਿਬ ਜੀ ਦਾ ਪਠਾ ਕਰਕੇ ਅਰਦਾਸਾ ਕੀਤਾ। ਭਾਈ ਮਥਰਾ ਰਾਮ ਵੱਲੋਂ ਸੱਚੇ ਪਾਤਸ਼ਾਹ ਜੀ ਦਾ ਸ਼ੁਕਰਾਨਾ ਕੀਤਾ ਤੇ ਪ੍ਰਸ਼ਾਦ ਵਰਤਾਇਆ ਗਿਆ। ਉਸ ਸਮੇਂ ਸੰਤ ਰਾਮ ਸਿੰਘ ਜੀਓ ਨੇ ਸਾਰੇ ਮਹਾਜਨਾਂ ਪ੍ਰਤੀ ਇਹ ਬਚਨ ਕਹੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਪ੍ਰਤੱਖ ਦੇਵਤੇ ਹਨ, ਔਰ ਦੇਵੀ ਦੇਵਤੇ ਗੁਪਤ ਹਨ। ਭਾਵ ਇਹ ਇਸ ਮੈਂ, ਜੋ ਚਾਰੋ ਜੁਗੋਂ ਮੇਂ ਗੁਰਾਂ ਕਾ ਹੀ ਪ੍ਰਤਾਪ ਹੈ, ਪਰ ਕਲਯੁਗ ਮੈਂ ਤਾਂ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨ ਕਮਲ ਮਨਾਵਣ ਹੀ ਕਰਕੇ ਵਿਵਹਾਰ ਔਰ ਪ੍ਰਮਾਰਥ ਕੀ ਸਿੱਧੀ ਹੋਤੀ ਹੈ, ਹੇ ਭਾਈ।"

ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਦੀ ਖਿੱਚ

ਸ੍ਰੀਮਾਨ ਸੰਤ ਭਾਈ ਰਾਮ ਸਿੰਘ ਜੀ, ਪਹਿਲੀ ਅਸਵਥਾ ਵਿਚ ਪੂਰਨ ਵਿਕਰਤ ਰੂਪ ਵਿਚ ਇਕੱਲੇ ਵਿਚਰਦੇ ਰਹੇ; ਫਿਰ ਆਪ ਜੀ ਦੇ ਨਾਲ ਤਕੜੀ ਸੰਤ ਮੰਡਲੀ ਹੋ ਗਈ, ਤੇ ਗੁਰਸਿੱਖੀ ਦੇ ਪ੍ਰਚਾਰ ਲਈ ਆਪ ਨੇ ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਫਿਰ ਕੇ ਗੁਰਬਾਣੀ ਤੇ ਗੁਰ ਇਤਿਹਾਸ ਦੇ ਵਿਚਾਰ ਦੀ ਲਹਿਰ ਚਲਾ ਦਿੱਤੀ। ਹਜ਼ਾਰਾਂ ਸਿੱਖ ਆਪ ਦੀ ਰਹਿਣੀ ਬਹਿਣੀ ਤੇ ਉਪਦੇਸ਼ ਤੋਂ ਸਿੱਖਿਆ ਲੈ ਕੇ ਗੁਰ ਰਚਨਾਂ ਦੇ ਭੋਰੇ ਬਣ ਗਏ।

ਸੰਤ ਰਾਮ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਦੀ ਬੜੀ ਤਾਂਘ ਰਹਿੰਦੀ ਸੀ। ਆਪ ਕਈ ਵਾਰ ਪ੍ਰਚਾਰ ਕਰਦੇ ਕਰਦੇ ਸੰਤ ਮੰਡਲੀ ਸਮੇਤ ਸ੍ਰੀ ਅੰਮ੍ਰਿਤਸਰ ਜੀ ਦੀ ਤੀਰਥ ਯਾਤਰਾ ਲਈ ਆਏ। ਬੇਸ਼ੱਕ ਉਹਨੀਂ ਦਿਨੀਂ ਸ਼ਹਿਰ ਵਿਚ ਅੱਡਣਸ਼ਾਹੀ ਡੇਰੇ ਬਹੁਤ ਸਨ ਪਰ ਆਪ ਹਮੇਸ਼ਾ ਬਾਬਾ ਮਹਾਰਾਜ ਸਿੰਘ ਜਾਂ ਠਾਕਰ ਭਾਈ ਦਿਆਲ ਸਿੰਘ ਜੀ ਕੋਲ ਹੀ ਉਤਾਰਾ ਕਰਦੇ। ਬਾਬਾ ਸ਼ਾਮ ਸਿੰਘ ਜੀ ਵੀ ਬਾਬਾ ਰਾਮ ਸਿੰਘ ਜੀ ਦੀ ਸੰਤ ਮੰਡਲੀ ਵਿਚ ਹੀ ਸਨ ਇਸ ਲਈ ਆਪ ਨੂੰ ਵੀ ਦਰਬਾਰ ਸਾਹਿਬ ਜੀ ਦੇ ਅਨੂਪਮ ਦਰਸ਼ਨ ਕਈ ਵਾਰ ਹੋਏ। ਇਹਨਾਂ ਦਰਸ਼ਨਾਂ ਦਾ ਅਸਰ ਹਰ ਵਾਰੀ ਆਪ ਤੇ ਪਹਿਲਾਂ ਨਾਲੋਂ ਕੁਝ ਜ਼ਿਆਦਾ ਤੇ ਪ੍ਰਬਲ ਹੋਇਆ ਕਰਦਾ ਸੀ ਤੇ ਆਪ ਦੇ ਅੰਦਰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਦੀ ਤਾਂਘ ਹਮੇਸ਼ਾ ਬਣੀ ਰਹਿੰਦੀ ਸੀ। ਇਕ ਵਾਰ ਜਦੋਂ ਸ੍ਰੀਮਾਨ ਸੰਤ ਭਾਈ ਰਾਮ ਸਿੰਘ ਜੀ ਸ਼ਾਹਪੁਰ ਦੇ ਜ਼ਿਲ੍ਹੇ ਵਿਚ ਪ੍ਰਚਾਰ ਕਰ ਰਹੇ ਸਨ ਤਾਂ ਯੁਵਕ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਇਕ ਦਿਨ ਸਮਾਂ ਅਨੁਕੂਲ ਵੇਖ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਜੀ ਗਰੀਬ ਨਿਵਾਜ਼, ਜੋ ਗਿਆ ਹੋਵੇ ਤਾਂ ਦਾਸ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਤੇ ਇਸ਼ਨਾਨ ਕਰ ਆਵੇ?" ਸੰਤ ਭਾਈ ਰਾਮ ਸਿੰਘ ਜੀ ਨੇ ਬਾਬਾ ਸ਼ਾਮ ਸਿੰਘ ਜੀ ਵੱਲ ਡੂੰਘੀ ਨਜ਼ਰ ਨਾਲ ਵੇਖਿਆ, ਗੁਰ ਤੀਰਥ ਦਰਸ਼ਨ ਦੀ ਤਾਂਘ ਤੀਬਰ ਅਨੁਭਵ ਕੀਤੀ ਤੇ ਮੁਸਕਰਾਉਂਦੇ ਹੋਇਆ ਆਗਿਆ ਦੇ ਦਿੱਤੀ। ਆਗਿਆ ਮਿਲਦਿਆਂ ਹੀ ਆਪ ਪ੍ਰਸੰਨ ਚਿੱਤ ਬੜੇ ਉਤਸ਼ਾਹ ਨਾਲ ਵਾਹੋ ਦਾਹੀ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ। ਨੇਤਰ ਦਰਸ਼ਨਾਂ ਲਈ ਉਤਾਵਲੇ ਹੋ ਸੇਜਲ ਹੋ ਰਹੇ ਸਨ, ਪ੍ਰੇਮ ਨਾਲ ਸ਼ਬਦ ਗਾਇਨ ਕਰਦਿਆਂ ਗਲਾ ਰੁਕ ਰੁਕ ਜਾਂਦਾ ਸੀ, ਤੇ ਕਦਮ ਚਾਓ ਨਾਲ ਅੱਗੇ ਤੋਂ ਅੱਗੇ ਪੈਂਦੇ ਸਨ। ਵਾਟ ਲੰਮੀ ਸੀ, ਬੱਸਾਂ ਤੇ ਰੇਲ ਗੱਡੀਆਂ ਨਾ ਹੋਣ ਕਰਕੇ ਪੈਦਲ ਚਲਦੇ ਚਲਦੇ ਕੋਈ ਵੀਹ ਕੁ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਘੰਟੇ ਘਰ ਦੀਆਂ ਪਉੜੀਆਂ ਉਤਰਦੇ ਹੀ ਸ਼ਾਸ਼ਟਾਂਗ ਡੰਡੋਤ ਵਿਚ ਲੇਟ ਗਏ ਤੇ ਅਰਦਾਸ ਕੀਤੀ ਕਿ ਹੇ ਪਾਤਸ਼ਾਹਾ ਦੇ ਪਾਤਸ਼ਾਹ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀਓ। ਆਪਣੇ ਚਰਨਾਂ ਵਿਚ ਹੀ ਦਾਸ ਨੂੰ ਨਿਵਾਸ ਬਖਸ਼ੋ। ਬਾਹਰ ਖੂਹ ਤੇ ਇਸ਼ਨਾਨ ਕਰਕੇ ਫਿਰ ਆਪ ਜੀ ਨੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ, ਸੱਤ ਪਰਿਕਰਮਾ ਵੱਡੀਆਂ ਕੀਤੀਆਂ, ਕੜਾਹ ਪ੍ਰਯਾਦਿ ਦੀ ਦੇਗ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਹਾਜ਼ਰ ਹੋਏ, ਦਿਨ ਭਰ ਸ਼ਬਦ ਕੀਰਤਨ ਸ਼੍ਰਵਨ ਕੀਤਾ ਤੇ ਸੰਧਿਆ ਵੇਲੇ ਮਹਾਰਾਜ ਜੀ ਦੇ ਡੇਰੇ ਜਾਂ ਬਿਸ਼ਰਾਮ ਕੀਤਾ। ਜਿੰਨੇ ਦਿਨ ਆਪ ਇਥੇ ਰਹੇ, ਅੰਮ੍ਰਿਤ ਵੇਲੇ ਸ੍ਰੀ ਅੰਮ੍ਰਿ ਸਰੋਵਰ ਵਿਚ ਇਸ਼ਨਾਨ ਕਰਕੇ ਤਿੰਨੇ ਪਹਿਰੇ ਵੇਲੇ ਸ੍ਰੀ ਦਰਬਾਰ ਸਾਹਿਬ ਜਾ ਹਾਜ਼ਰ ਹੁੰਦੇ ਤੇ ਸ਼ਬਦ ਕੀਰਤਨ ਸ਼੍ਰਵਣ ਕਰਦੇ। ਇਸ ਤਰ੍ਹਾਂ ਅੰਮ੍ਰਿਤ ਵੇਲੇ ਤੋਂ ਲੈ ਕੇ ਸੁੱਖ ਆਸਣ ਹੋਣ ਤੱਕ ਹਰਿਮੰਦਰ ਸਾਹਿਬ ਜੀ ਦੇ ਅੰਦਰ ਜਾ ਪਰਿਕਰਮਾ ਵਿਚ ਸਿਮਰਨ ਭਜਨ ਜਾਂ ਸੇਵਾ ਵਿਚ ਲੱਗੇ ਰਹਿੰਦੇ। ਸਿਰਫ ਦੋ ਵੇਲੇ ਪ੍ਰਸ਼ਾਦਾ ਛਕਣ ਲਈ ਡੇਰੇ ਜਾਂਦੇ।

ਇਕ ਦਿਨ ਆਪ ਦਾ ਮੇਲ ਮਹੰਤ ਠਾਕਰ ਭਾਈ ਦਿਆਲ ਸਿੰਘ ਜੀ ਨਾਲ ਹੋ ਗਿਆ। ਬਾਬਾ ਸ਼ਾਮ ਸਿੰਘ ਜੀ ਦੀ ਸੁਰਤ ਦਾ ਟਿਕਾਓ, ਸੇਵਾ ਤੇ ਸਿਮਰਨ ਭਜਨ ਬੰਦਗੀ ਦਾ ਚਾਓ ਵੇਖ ਕੇ ਮਹੰਤ ਜੀ ਨੇ ਪ੍ਰੇਰਨਾ ਕੀਤੀ ਕਿ ਆਪ ਉਹਨਾਂ ਦੀ ਧਰਮਸ਼ਾਲਾ ਵਿਚ ਆ ਕੇ ਡੇਰਾ ਕਰਨ। ਉਹਨਾਂ ਦੀ ਆਗਿਆ ਪਾ ਕੇ ਬਾਬਾ ਜੀ ਆਪਣਾ ਆਸਣ ਮਹੰਤ ਜੀ ਦੇ ਡੇਰੇ ਲੈ ਆਏ। ਇਕ ਦਿਨ ਕੂਕਰਾਂ ਨੂੰ ਰੋਟੀਆਂ ਪਾਉਣ ਦੀ ਸੇਵਾ ਕਰਕੇ ਆ ਰਹੇ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ (ਇਹ ਗਿਆਨੀ ਅਮੀਰ ਸਿੰਘ ਅਤੇ ਸੰਤ ਬਾਬਾ ਉਤਮ ਸਿੰਘ ਜੀ ਤੋਂ ਬਹੁਤ ਪਹਿਲਾ ਹੋਏ ਹਨ। ਸਤੋ ਵਾਲੀ ਗਲੀ ਵਾਲਿਆਂ ਨਾਲ ਆਪ ਦਾ ਮੇਲ ਹੋ ਗਿਆ। ਉਹਨਾਂ ਨੇ ਆਪ ਪ੍ਰਤੀ ਬਚਨ ਕੀਤਾ, "ਨਿੱਕਿਆ, ਕਲਯੁਗ ਦਾ ਸਮਾਂ ਬੜਾ ਭਿਆਨਕ ਹੈ, ਇਸ ਵਿਚ ਜਪ ਤਪ ਤੇ ਹਠ ਯੋਗ ਦਾ ਸਮਾਂ ਨਹੀਂ, ਇਹ ਸਾਰੇ ਕਠਿਨ ਸਾਧਨ ਹਨ। ਇਸ ਯੁਗ ਵਿਚ ਤਾਂ ਕਥਾ ਕੀਰਤਨ ਤੇ ਸਿਮਰਨ ਹੀ ਮੁੱਖ ਸਾਧਨ ਹਨ, ਜਿਵੇਂ ਸਤਿਗੁਰਾਂ ਦਾ ਫੁਰਮਾਨ ਹੈ:

ਕਲਜੁਗ ਮਹਿ ਕੀਰਤਨ ਪਰਧਾਨਾ॥ ਅਤੇ ਕੀਰਤਨ ਨਿਰਮੋਲਕ ਹੀਰਾ॥

ਕਥਾ ਤਾਂ ਆਪ ਕਰਦੇ ਹੀ ਹੋ ਹੁਣ ਕੀਰਤਨੀ ਭੀ ਕੀਤਾ ਕਰੋ। ਜੇ ਤੁਸਾਂ ਦੀ ਇੱਛਿਆ ਹੋਵੇ ਤਾਂ ਸਾਜ ਭੀ ਦੇਂਦੇ ਹਾਂ ਤੇ ਰਾਗ ਵਿੱਦਿਆ ਵੀ ਬੜੇ ਪ੍ਰੇਮ ਨਾਲ ਸਿਖਾਵਾਂਗੇ। ਆਪ ਪੂਰਨ ਅਧਿਕਾਰੀ ਹੋ, ਏਸ ਲਈ ਆਪ ਨੂੰ ਅਸਾਂ ਨੇ ਬਚਨ ਕੀਤਾ ਹੈ, ਅੱਗੇ ਆਪ ਦੀ ਪ੍ਰਸੰਨਤਾ।" ਇਹ ਬਚਨ ਸੁਣ ਕੇ ਬਾਬਾ ਸ਼ਾਮ ਸਿੰਘ ਜੀ ਨੇ ਉੱਤਰ ਦਿੱਤਾ, "ਜੀ ਦਾਸ ਨੂੰ ਏਸ ਵੇਲੇ ਰਾਗ ਸਿੱਖਣ ਦੀ ਇੱਛਿਆ ਸਹਿਜ ਹੈ।" ਬਚਨ ਸੁਣ ਕਰ ਸੰਤ ਭਾਈ ਅਮੀਰ ਸਿੰਘ ਜੀ ਚੁੱਪ ਹੋ ਗਏ। ਕਝ ਸਮੇਂ ਮਗਰੋਂ ਬਾਲ ਅਵਸਥਾ ਵਿਚ ਹੀ ਜਦੋਂ ਆਪ ਨੇ ਬਾਬਾ ਨੌਧ ਸਿੰਘ ਜੀ ਦੀ ਰਸਨਾ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦਾ ਅਲੌਕਿਕ ਰਸ ਮਾਣਿਆ ਤਾਂ ਆਪ ਦੇ ਹਿਰਦੇ ਵਿਚ ਕੀਰਤਨ ਸਿੱਖਣ ਦੀ ਪ੍ਰਬਲ ਇੱਛਾ ਜਾਗ ਪਈ ਤੇ ਆਪ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿਚ ਅਰਦਾਸ ਕੀਤੀ: "ਹੇ ਸੱਚੇ ਪਾਤਸ਼ਾਹ ਜੀਓ, ਗੁਲਾਮ ਨੂੰ ਵੀ ਸ਼ਬਦ ਦਾ ਦਾਨ ਬਖਸ਼ੋ।" ਦਿਨ-ਬ-ਦਿਨ ਆਪ ਦੀ ਇਹ ਲਾਲਸਾ ਤੀਬਰ ਰੂਪ ਧਾਰਨ ਕਰਦੀ ਗਈ। ਹਰਿ ਕੀਰਤਨ ਸਿੱਖਣ ਲਈ ਸਾਰੰਦੇ ਦੀ ਲੋੜ ਪਈ ਤਾਂ ਉਸ ਸਮੇਂ ਆਪ ਨੂੰ ਸਾਰੰਦੇ ਦੇ ਪ੍ਰਾਪਤੀ ਲਈ ਬੜੀ ਖੇਚਲ ਉਠਾਉਣੀ ਪਈ। ਆਪ ਨੇ ਰਾਗ ਵਿੱਦਿਆ ਦੀ ਦਾਤ, ਸਾਰੰਦਾ ਵਜਾਉਣ ਵਿਚ ਮੰਨੇ ਪ੍ਰਮੰਨੇ ਉਸਤਾਦ ਸੰਤ ਭਾਈ ਲਾਲ ਚੰਦ ਜੀ, ਜੋ ਸ਼ਾਹਪੁਰ ਦੇ ਜ਼ਿਲ੍ਹੇ ਵਿਚ ਰਹਿੰਦੇ ਸਨ, ਪਾਸੋਂ ਪ੍ਰਾਪਤ ਕੀਤੀ। ਆਪ ਆਪਣੀ ਰਸਨਾ ਤੋਂ ਇਹ ਸਾਖੀ ਸੁਣਾਇਆ ਕਰਦੇ ਹਨ ਕਿ, "ਸੰਤ ਭਾਈ ਅਮੀਰ ਸਿੰਘ ਜੀ ਬਚਨ ਨਾ ਮੰਨਣ ਦਾ ਇਹ ਫਲ ਹੋਇਆ ਕਿ ਗੁਲਾਮ ਨੂੰ ਸਾਰੰਦੇ ਦੀ ਪ੍ਰਾਪਤੀ ਲਈ ਬੜਾ ਔਖਾ ਹੋਣਾ ਪਿਆ। ਸੋ ਭਾਈ ਸੰਤ ਮਹਾਤਮਾ ਦਾ ਬਚਨ ਧੰਨਵਾਦ ਸਹਿਤ ਮੰਨਣ ਯੋਗ ਹੈ, ਜਥਾ ਗੁਰਵਾਕ :

ਜੋ ਕੇ ਬਚਨ ਕਮਾਵੇ, ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥

ਜੋ ਪਹਿਲਾਂ ਬਚਨ ਨਹੀਂ ਮੰਨਦੇ; ਪਿੱਛੋਂ ਪਛਤਾਉਂਦੇ ਹਨ ਜਿਵੇਂ:

ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈ ਹੈ।

ਧੰਨਵਾਦ ਸਹਿਤ ਸੰਤ ਗਾਥਾ-ਭਾਗ ਦੂਜਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ

E-mail : amarjitkaur1@hotmail.com

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# BHAI KAHAN SINGH, NABHA

(30th August 1861 to 23rd November 1938)

Many scholars have tried to explain and interpret the inner meanings of Gurbani but after Bhai Gurdas if anyone has truly understood and interpreted the Gurbani to its nearest meanings, he is none else than the author of Encyclopedia of Sikhism (Mahan Kosh), Bhai Kahan Singh of Nabha. He was a shining star in the firmament of learning and religious thought. He was a leading and supreme authority of his time.

He was born on 30 August 1861. His father Baba Narain Singh was a saintly person who regularly recited the Guru Granth Sahib four times a month. Thrice in his life he recited the Guru Granth Sahib in one sitting. Once Maharaja Hira Singh of Nabha sat with him to listen to the Akhand Path recitation. As a mark of respect, Maharaja Hira Singh, on that occasion became one of Baba Narain Singh's palanquin bearers.

Literally speaking Bhai Kahan Singh, was a true patriot. He was equally impressed by traditional Indian values as well as modern traditions. He alone has done so much literary work which is not even possible for an institution comprising eminent men of scholarship and learning. He was a preeminent genius of Punjabi literature, interpreter and a keen researcher of Gurbani, lexicographer, translator, linguist, master of poetry and an efficient editor. He did not attend any School or University but learned Sanskrit, Persian, Gurmat Poetry, History, Law, Hindu Philosophy (Vedant) from Scholars, Pandits and Maulvis, music from a famous maestro of Nabha State and the use of weapons from Nihangs. He was an excellent marksman and was very fond of hunting and shooting.

Bhai Kahan Singh served Nabha State from 1880-1912 and from 1917 -1923 in various important positions as Private Secretary, City Magistrate, Nazam (Deputy Commissioner), Mir / Munshi, Nehar Nazam, Foreign Minister, Judge of the High Court and member of Judicial Council etc. From 1915-1917 he served as a lawyer of the "Political Agency" of Patiala State. Renowned literary personality Mr. Max Arthur Macauliffe, Maharaja Ripudaman Singh of Nabha and his wife Maharani Sarojini Devi were Bhai Sahib's disciples.

Bhai Kahan Singh first met Mr. Macauliffe in Rawalpindi where he had gone with Maharaja Hira Singh. Macauliffe got permission from the Maharaja to allow Bhai Sahib to expose him to Sikh religion and Gurbani. He stayed back there for three months.

Subsequently, Macauliffe spent many winters in Nabha and summers in hill stations with Bhai Sahib to study Sikh Religion and Sikh history and, of course, Gurmukhi. i'v1acduiiffe's Book, 'The Sikh religion' was published by the Oxford University Press in 1907 in London. Bhai Kahan Singh's contribution was acknowledged when Macauliffe who was a bachelor, transferred the copyright of the book to Bhai Kahan Singh. He had also offered one of his houses in England (10 Sanclaire Road, London) to him, an offer which was politely declined.

'Hum Hindu Nahin' (We are not Hindus) was written to serve a specific purpose. First published in 1898, this small volume was an early contribution to a current controversy concerning the actual identity of Sikhs. An earlier legal ruling, had declared Sikhs to be Hindus. The title of Bhai Kahan Singh's response makes his own view point abundantly clear. It represented the dominant stand point of the Singh Sabha movement and has ever since retained the fame, which it had so quietly acquired. It is worth stressing that the approach adopted in this hook is neither hostile nor aggressive. In the polemic, he took care to stress that he sought peace, not discord.

Dr. J.S. Grewal, in his recently published book, Historical Aspects of Sikh Identity has recorded that Bhai Kahan Singh wrote this book responding to what he perceived as a threat to the tradition which he cherished. He was not alone. He represented the view and feelings of an increasing number of Sikhs who prized the Sikh tradition. In this process, two things from the pristine Sikh tradition were bought to the fore; tl13 Guru Granth as the preferred Sikh Identity. Neither the doctrine of Guru Granth liar the Singh Identity was new, What was new was the emphasis laid on both. Dr. Grewal concludes by saying that a serious concern for preserving the Sikh tradition may now appear to be obvious, but this dimension has been generally overlooked in explanations which focus on the mundane interests of a rising middle class.

Gurmat Martand, a two volume set, giving out the complete Sikh Maryada was published in 1938, Its contribution in terms of definitions, exegesis on standard text, makes it an exceedingly useful volume. It also needs to be emphasized that this volume lists rituals and ceremony that are performed from the 'cradle to the coffin', It is marked by research and erudition, and there is a perennial need to refer to it to clear doubts and self created distortions. It should be translated into English and other languages for the benefit of Sikhs, both at home and abroad. In this context, one has to observe with considerable anguish, as being currently and repeatedly published in the national media, the 'scrapping and squabbling' of Jathedars. It is a great fall from titan of titans, the legendary Jathedar Akali Phuja Singh. It is for the Sangat to take charge and restore our hallowed traditions and institutions to their pristine glory.

As Bhai Kahan Singh could not devote adequate time to his studies and Panthic services, he resigned from the State service. The crowning achievement of Bhai Sahib is

his magnum opus the Mahan Kosh or the Encyclopedia of Sikh Literature. He undertook this stupendous task in 1912 and completed it in 1927. It was published by Durbar Patiala on the instructions of Maharaja Bhupindra Singh in four magnificent volumes in 1930. It contains 64263 words occurring in original Sikh scriptures as well as other allied works. Exemplary accuracy marks multitude of entries ranging from brief definitions of difficult works from the scriptures and traditions through descriptive notes on various entries, individuals and institutions, to account of the Gurus. It gives careful treatment of terminology, which had dropped out of usage or had changed its meaning. Mahan Kosh is indispensable for any serious student of Sikh studies. Hs qualities are undimmed by 80 years which have passed since it first appeared in print. Undertaken and carried out single handed, it is nothing short of a miracle. Bhai Kahan Singh ranks as one of the modern world's greatest encyclopaedists. This is the 12th encyclopedia published in the world. The fact that he chose to present all his works in Gurmukhi has limited his contribution to those who read Punjabi, although his reputation extends much farther, It is largely confined to the general area of Sikh studies. His work is distinguished by the vast range of coverage, the meticulous care with which he collected and arranged his material, a scrupulous concern for accuracy and the succinct nature of his presentation. These are the qualities of great encyclopedias and their manifest presence in the works of Bhai Kahan Singh qualifies him as one of the truly great theologians. The Punjabi University at Patiala has now undertaken to translate the Mahan Kosh into English. This will expose the encyclopedia to a much larger readership.

Bhai Sahib was a widely travelled man. He visited England and Europe thrice. Once he went to represent the Nabha State in a legal case in England where he contested the case very successfully. The Afghan King Nadir Shah welcomed him when he visited Afghanistan for research in Sikh history and to ascertain whether the original copy of the Guru Granth Sahib, written by Bhai Mani Singh Ji, at Damdama Sahib was in Kabul. It was said that Ahmed Shah Abdali had taken it with him after the Great holocaust (Bara Ghallu Ghara) of 1762. The Sir was not traceable in Kabul and was presumed to have got destroyed during the holocaust.

He passed away during his afternoon nap on 23rd November 1938 but remains the perennial inspiration for scholars everywhere.

**Major A.P. Singh**

Courtsey : www.hvcfoundation.com

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਸੁਰ ਲਿਪੀ

ਹਰਿਭਜਨ ਸਿੰਘ, ਮੋ : 9316193268

## ਬਸੰਤ ਰਾਮਾਨੰਦ ਜੀ (੧੧੯੫)

ਥਾਟ:- ਬਿਲਾਵਲ। ਸਮਾਂ : ਦਿਨ ਦਾ ਦੂਜਾ ਪਹਿਰ (ਬਸੰਤ ਰੁਤ ਵਿਚ ਹਰ ਸਮੇਂ) ਵਾਦੀ/ਸੰਵਾਦੀ ਸਂ/ਮ

ਜਾਤੀ : ਆਡਵ/ਛਾਡਵ ਸੰਪੂਰਨ॥ ਵਰਜਿਤ ਅਰੋਹ ਵਿਚ 'ਰ' 'ਪ'।

ਆਰੋਹ: ਸ ਗ ਮ ਧ ਨ ਸਂ॥ ਅਵਰੋਹ : ਸਂ ਨ ਧ ਪ ਮ ਗ ਰ ਸ ॥

| | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|
| X | | 2 | | | 0 | | 3 | | | X | | 2 | | | 0 | | 3 | | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 | |
| ਫ਼ | ਸ | ਧ਼ | ਠ਼ | ਸ | ਮ | - | ਗ | - | ਗ | ਗ | ਮ | ਧ | - | ਮ | ਮ | ਧ | ਮਧ | ਨਸਂ | ਸਂ | |
| ਕ | ਤ | ਜਾ | ਈ | ਐ | ਰੇ | s | s | s | ਘਰ | ਲਾ | s | ਗੋ | s | s | ਰੰ | s | ਗ | s | ਮੇਰਾ | |
| ਸਂ | ਸਂ | ਸਂ | - | ਰਂ | ਸਂ | ਨ | ਧ | - | ਧ | ਗ | - | ਮ | - | ਪ | ਗ | ਮ | ਰ | ਸ | ਸ | ਸ ਥਾ ਈ |
| ਚਿ | ਤੁ | ਨ | s | ਚ | ਲੈ | s | ਮ | s | ਨੁ | ਭ | s | ਇਓ | s | s | ਪੰ | s | ਗੁ | s | s | |
| ਸਂ | ਨ | ਧ | - | ਮ | ਧ | ਨ | ਸਂ | - | ਸਂ | ਸਂ | ਨ | ਧ | - | ਮ | ਧ | ਨ | ਸਂ | - | ਸਂ | |
| ਏ | s | ਕ | s | ਦਿ | ਵ | ਸ | ਮ | s | ਨ | ਭ | s | ਈ | s | ਉ | ਮੰ | s | ਗ | s | ਘਸਿ | |
| ਗਂ | - | ਗਂ | - | ਮਂ | ਰਂ | ਗਂ | ਸਂ | - | - | ਗਂ | ਰਂ | ਨ | ਸਂ | ਧ | ਨ | - | ਸਂ | - | - | |
| ਚੰ | s | ਦ | s | ਨ | ਚੋ | s | ਆ | s | s | ਬ | s | ਹੁ | s | ਸੁ | ਗੰ | s | ਧ | s | s | |
| ਸਂ | ਨ | ਧ | - | ਮ | ਧ | ਨ | ਸਂ | - | ਸਂ | ਗਂ | - | ਗਂ | - | ਮਂ | ਰਂ | ਗਂ | ਸਂ | - | ਸਂ | |
| ਪੂ | s | ਜ | s | ਨ | ਚਾ | s | ਲੀ | s | s | ਬ੍ਰ | ਹ | ਮ | s | s | ਠਾ | s | ਇ | s | ਸੋ | |
| ਨ | - | ਨ | - | ਸਂ | ਨ | - | ਧ | - | ਧ | ਗ | - | ਮ | - | ਪ | ਗ | ਮ | ਰ | ਸ | ਸ | |
| ਬ੍ਰ | s | ਮੁ | s | ਬ | ਤਾ | s | ਇਓ | s | ਗੁਰ | ਮ | ਨ | ਹੀ | s | s | ਮਾ | s | ਹਿ | s | s | |
| ਸ | ਮ | ਮ | - | ਗ | ਮ | - | ਮ | - | - | ਗ | ਗ | ਗ | - | ਮ | ਰ | ਗ | ਸ | - | ਸ | |
| ਜ | ਹਾ | ਜਾ | s | ਈ | ਐ | s | ਤਹ | s | s | ਜ | ਲ | s | s | ਪ | ਖਾ | s | ਨ | s | ਤੂ | |
| ਸ | ਮ | ਮ | - | ਗ | ਮ | ਧ | ਧ | - | ਧ | ਮ | ਧ | ਨ | - | ਨ | ਸਂ | - | ਸਂ | - | - | |
| ਪੂ | s | ਰਿ | s | ਰਹਿ | ਓ | s | ਹੈ | s | s | ਸ | ਭ | s | s | ਸ | ਮਾ | s | ਨ | s | s | |
| ਗਂ | ਰਂ | ਸਂ | - | ਨ | ਸਂ | - | ਸਂ | - | ਸਂ | ਨ | - | ਧ | - | ਮ | ਧ | ਨ | ਸਂ | - | - | |
| ਬੇ | s | ਦ | s | ਪੁ | ਰਾ | s | ਨ | s | ਸਭ | ਦੇ | s | ਖੇ | s | s | ਜੋ | s | ਇ | s | s | |
| ਨ | - | ਨ | - | ਸਂ | ਨ | - | ਧ | - | ਧ | ਗ | - | ਮ | - | ਪ | ਗ | ਮ | ਰ | ਸ | ਸ | |
| ਉ | ਹਾਂ | ਤਉ | s | s | ਜਾ | s | ਈਐ | s | ਜਉ | ਈ | s | ਹਾਂ | s | ਨ | ਹੋ | s | ਇ | s | s | |
| ਗਂ | ਰਂ | ਸਂ | - | ਨ | ਸਂ | - | ਸਂ | - | ਸਂ | ਨ | - | ਧ | - | ਮ | ਧ | ਨ | ਸਂ | - | ਸਂ | |
| ਸ | ਤਿ | ਗੁ | s | ਰ | ਮੈ | s | ਬ | s | ਲਿ | ਹਾ | s | ਰੀ | s | s | ਤੋ | s | ਰ | s | ਜਿਨਿ | |
| ਰਂ | ਰਂ | ਰਂ | - | ਸਂ | ਸਂ | ਗਂ | ਰਂ | ਸਂ | ਸਂ | ਨ | ਸਂ | ਧ | - | ਧ | ਨ | ਰਂ | ਸਂ | - | - | |
| ਸ | ਕ | ਲ | s | ਬਿ | ਕ | ਲ | ਭ੍ਰ | s | ਮ | ਕਾ | s | ਟੇ | s | s | ਮੋ | s | ਰ | s | s | |
| ਸਂ | ਨ | ਧ | - | ਮ | ਧ | ਨ | ਸਂ | - | ਸਂ | ਗਂ | ਗਂ | ਗਂ | - | ਮਂ | ਰਂ | ਗਂ | ਸਂ | - | ਸਂ | |
| ਰਾ | ਮਾ | ਨੰ | s | ਦ | ਸੁਆ | s | ਮੀ | s | s | ਰ | ਮ | ਤ | s | s | ਬ੍ਰਹ | s | ਮ | s | s | |
| ਨ | ਨ | ਨ | - | ਸਂ | ਨ | - | ਧ | - | ਧ | ਗ | - | ਮ | - | ਪ | ਗ | ਮ | ਰ | ਸ | ਸ | |
| ਗੁ | ਰ | ਕਾ | s | s | ਸ | ਬ | ਦੁ | s | s | ਕਾ | ਟੈ | ਕੋ | s | ਟਿ | ਕ | ਰ | ਮ | s | s | |

ਅੰਗ ੧੧੯੫

ਰਾਮਾਨੰਦ ਜੀ ਘਰੁ ੧
Raamaanand Jee, First House:

ੴ ਸਤਿਗੁਰ ਪ੍ਰਸਾਦਿ ॥
One Universal Creator God. By The Grace Of The True Guru:

ਕਤ ਜਾਈਐ ਰੇ ਘਰ ਲਾਗੋ ਰੰਗੁ ॥
Where should I go? My home is filled with bliss.

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥
My consciousness does not go out wandering. My mind has become crippled. ||1||Pause||

ਏਕ ਦਿਵਸ ਮਨ ਭਈ ਉਮੰਗ ॥
One day, a desire welled up in my mind.

ਘਸਿ ਚੰਦਨ ਚੋਆ ਬਹੁ ਸੁਗੰਧ ॥
I ground up sandalwood, along with several fragrant oils.

ਪੂਜਨ ਚਾਲੀ ਬ੍ਰਹਮ ਠਾਇ ॥
I went to God's place, and worshipped Him there.

ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥
That God showed me the Guru, within my own mind. ||1||

ਜਹਾ ਜਾਈਐ ਤਹ ਜਲ ਪਖਾਨ ॥
Wherever I go, I find water and stones.

ਤੂ ਪੂਰਿ ਰਹਿਓ ਹੈ ਸਭ ਸਮਾਨ ॥
You are totally pervading and permeating in all.

ਬੇਦ ਪੁਰਾਨ ਸਭ ਦੇਖੇ ਜੋਇ ॥
I have searched through all the Vedas and the Puraanas.

ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥
I would go there, only if the Lord were not here. ||2||

ਸਤਿਗੁਰ ਮੈ ਬਲਿਹਾਰੀ ਤੋਰ ॥
I am a sacrifice to You, O my True Guru.

ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
You have cut through all my confusion and doubt.

ਰਾਮਾਨੰਦ ਸੁਆਮੀ ਰਮਤ ਬ੍ਰਹਮ ॥
Raamaanand's Lord and Master is the All-pervading Lord God.

ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥
The Word of the Guru's Shabad eradicates the karma of millions of past actions. ||3||1||

# Sada-E-Rooh



The members of the Rotary Club, Chandigarh and Inner Wheel Club , Chandigarh held a joint meeting on December 12, 2011. The theme for the evening was to explore the dimension of the spirit, to listen to the inner calling— *"Sada-e-Rooh"*. For this purpose and to celebrate their wedding anniversary, PP Harbhajan Singh and Babbi Harbhajan Singh organized a shabad kirtan by Prof. Jagir Singh, Prof. & Head (Retd.) of the Gurmat Department, Punjabi University Patiala. Prof. Jagir Singh, in his sonorous and melodious voice, along with his associates, S. Jaspal Singh on harmonium and S. Ajit Singh on tabla, rendered a few selected thematic *shabads*. Listening to the soulful rendition of the *shabad kirtan* was a spiritual and divine experience for each person present. The first *shabad*, a *"Chaupai"* by Shri Guru Gobind Singh Ji, *"hamri karo hath de rachha"* that was soulfully sung in Indian classical Raga *Puria Kalayan*. invoking the glory and protection of the Almighty, seeking His blessings, so that all worldly and spiritual desires are fulfilled and peace and harmony prevails. The second *shabad, "tudh sabh kich mainu saunpiya ja tera banda",* rendered in Raga *Gaurhi,* was an offering of gratitude to the Almighty for having bestowed on man everything ephemeral, spiritual and material in the world. The third *shabad*, *"karunamai sabh dukh haro",* expressed the anguish that despite having been blessed with the worldly possessions, the mind's suffering continues. Its an earnest prayer to Him that the relief, freedom from such pain and misery can be only secured with His intervention and grace. And, its only thereafter that peace or ecstasy can be experienced by the human mind.

Mrs. Preet Harinder Singh, President of the Innerwheel Club, Chandigarh, proposed the vote of thanks. PDG Kawal Bedi took the honours of doing the *Ardas*, according to Sikh '*maryada'.* The evening concluded with the offering of sumptuous *Langar* by Babbiji. PP Harbhajan Singh, being indisposed, could not be present.

***Rtn. Surinder Paul Kaur***

Courtesy : Rotary Open Hand

Postal Regd. No. G/CDH/0045/2009-10 RNI Regd. No. 46788/89 ISSN 0972-2335

